Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 17 14/07/2026 www.samajweekly.com samajweekly @samajweekly samajweekly

# ਹੁਣ ਕੋਈ ਵੀ ਪ੍ਰਾਈਵੇਟ ਸਕੂਲ 5 ਫੀਸਦ ਤੋਂ ਵੱਧ ਫੀਸ ਨਹੀਂ ਵਧਾ ਸਕੇਗਾ: ਮੁੱਖ ਮੰਤਰੀ ਭਗਵੰਤ ਮਾਨ

## 'ਆਰਡੀਨੈਂਸ ਤਹਿਤ 7,800 ਸਕੂਲਾਂ ਦੇ 32 ਲੱਖ ਵਿਦਿਆਰਥੀ ਕਵਰ'

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਫ਼ੀਸ ਰੈਗੂਲੇਸ਼ਨ ਆਰਡੀਨੈਂਸ 2026 ਰਾਜਪਾਲ ਦੀ ਮਨਜ਼ੂਰੀ ਤੋਂ ਬਾਅਦ ਲਾਗੂ ਕੀਤਾ ਗਿਆ ਹੈ। ਪ੍ਰਾਈਵੇਟ ਸਕੂਲਾਂ ਦੀ ਮਨਮਾਨੀ ਤੇ ਫੀਸਾਂ ਦੇ ਵਾਧੇ 'ਤੇ ਰੋਕ ਹੋਵੇਗੀ। ਪੰਜਾਬ ਸਰਕਾਰ ਦੇ ਇਸ ਫੈਸਲੇ ਨਾਲ ਪੰਜਾਬ ਦੇ 7800 ਪ੍ਰਾਈਵੇਟ ਸਕੂਲ ਪ੍ਰਭਾਵਿਤ ਹੋਣਗੇ, 32 ਲੱਖ ਤੋਂ ਵੱਧ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਇਸ ਦਾ ਸਿੱਧਾ ਫਾਇਦਾ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹਰ ਸਕੂਲ ਦੀ ਫੀਸ ਤੈਅ ਕਰਨ ਲਈ ਸਪੱਸ਼ਟ ਨਿਯਮ ਹੋਣਗੇ ਅਤੇ ਹੁਣ ਕੋਈ ਵੀ ਪ੍ਰਾਈਵੇਟ ਸਕੂਲ 5 ਫੀਸਦੀ ਤੋਂ ਵੱਧ ਫੀਸਾਂ ਨਹੀਂ ਵਧਾ ਸਕੇਗਾ।ਪਿਛਲੇ 4 ਸਾਲਾਂ ਦਾ



ਫੀਸ ਰਿਕਾਰਡ 10 ਦਿਨਾਂ ਦੇ ਅੰਦਰ ਸਿੱਖਿਆ ਵਿਭਾਗ ਦੇ ਪੋਰਟਲ 'ਤੇ ਅਪਲੋਡ ਕਰਨਾ ਹੋਵੇਗਾ। ਡੀ.ਸੀ. ਦੀ ਅਗਵਾਈ ਵਾਲੀ ਰੈਗੂਲੇਟਰੀ ਕਮੇਟੀ ਫੀਸ ਵਾਧੇ ਦੀ ਜਾਂਚ ਕਰੇਗੀ। ਜਿਨ੍ਹਾਂ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਵਿਚ 3 ਸਾਲਾਂ ਵਿਚ 15% ਤੋਂ ਵੱਧ ਵਾਧਾ ਹੋਇਆ ਹੈ, ਉਨ੍ਹਾਂ ਨੂੰ ਵਾਧੂ ਪੈਸੇ ਮਾਪਿਆਂ ਨੂੰ ਵਾਪਸ ਕਰਨੇ ਪੈਣਗੇ।

# ਡੋਨਾਲਡ ਟਰੰਪ ਨੇ ਇਰਾਨ ਨੂੰ ਦਿੱਤੀ ਧਮਕੀ

## ਕਿਹਾ : ਜੇ ਇਰਾਨ ਨੇ ਸਮਝੌਤੇ ਦੀ ਉਲੰਘਣਾ ਜਾਰੀ ਰੱਖੀ ਤਾਂ ਉਸ ਨੂੰ ਬੁਰੀ ਤਰ੍ਹਾਂ ਮਾਰਿਆ ਜਾਵੇਗਾ

**ਤੇਲ ਅਵੀਵ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨੂੰ ਧਮਕੀ ਦਿੰਦੇ ਹੋਏ ਕਿਹਾ ਕਿ ਜੇਕਰ ਉਸ ਨੇ ਅੰਤਰਿਮ ਸਮਝੌਤੇ ਦੀ ਉਲੰਘਣਾ ਜਾਰੀ ਰੱਖੀ, ਤਾਂ ਹੁਣ ਉਸ ਨੂੰ 'ਬਹੁਤ ਬੁਰੀ ਤਰ੍ਹਾਂ' ਮਾਰਿਆ ਜਾਵੇਗਾ। ਟਰੰਪ ਨੇ ਦੋਸ਼ ਲਗਾਇਆ ਕਿ ਇਰਾਨ ਨੇ ਅੰਤਰਿਮ ਸਮਝੌਤਾ ਤੋੜ ਦਿੱਤਾ ਹੈ ਅਤੇ ਹੁਣ ਉਸ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ। ਟਰੰਪ ਨੇ ਕਿਹਾ ਕਿ ਅਮਰੀਕਾ ਹੋਰਮੁਜ਼ ਸਟ੍ਰੇਟ ਦਾ ਕੰਟਰੋਲ ਸੰਭਾਲੇਗਾ । ਉਨ੍ਹਾਂ ਕਿਹਾ ਕਿ ਅਸੀਂ ਇਸ ਸਟ੍ਰੇਟ ਦੇ ਰਾਖੇ ਬਣਾਂਗੇ । ਇਸ ਦੀ ਸੁਰੱਖਿਆ ਕਰਾਂਗੇ ਅਤੇ ਇਸ ਦੇ ਬਦਲੇ ਸਾਨੂੰ ਪੈਸਾ ਵੀ ਮਿਲਣਾ ਚਾਹੀਦਾ ਹੈ। ਟਰੰਪ ਦੇ ਇਸ ਬਿਆਨ ਤੋਂ ਬਾਅਦ ਇਰਾਨ ਨੇ ਪਲਟਵਾਰ ਕਰਦਿਆਂ ਕਿਹਾ



ਕਿ ਉਹ ਅਮਰੀਕਾ ਨੂੰ ਹੋਰਮੁਜ਼ ਸਟ੍ਰੇਟ ਵਿੱਚ ਕਿਸੇ ਵੀ ਤਰ੍ਹਾਂ ਦਾ ਦਖ਼ਲ ਨਹੀਂ ਦੇਣ ਦੇਵੇਗਾ । ਹੋਰਮੁਜ਼ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਾਲੇ ਟਕਰਾਅ ਲਗਾਤਾਰ ਵਧਦਾ ਜਾ ਰਿਹਾ ਹੈ।

# ਧਾਰਮਿਕ ਸਥਾਨ ਤੋਂ ਮੱਥਾ ਟੇਕ ਕੇ ਵਾਪਸ ਆ ਰਹੇ 5 ਨੌਜਵਾਨਾਂ ਦੀ ਹਾਦਸੇ ਵਿਚ ਮੌਤ

## 3 ਨੌਜਵਾਨ ਹੋਏ ਜ਼ਖ਼ਮੀ, ਡੰਪਰ ਵਿੱਚ ਟਕਰਾਈ ਤੇਜ਼ ਰਫ਼ਤਾਰ ਸਕਾਰਪੀਓ

**ਰਾਜਸਥਾਨ।** ਰਾਜਸਥਾਨ ਦੇ ਬਲੋਤਰਾ ਵਿਚ ਇਕ ਭਿਆਨਕ ਸੜਕ ਹਾਦਸੇ ਵਿੱਚ ਪੰਜ ਨੌਜਵਾਨਾਂ ਦੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰ ਗੰਭੀਰ ਜ਼ਖ਼ਮੀ ਹੋ ਗਏ। ਇੱਕ ਤੇਜ਼ ਰਫ਼ਤਾਰ ਸਕਾਰਪੀਓ ਆਪਣੇ ਅੱਗੇ ਜਾ ਰਹੇ ਟਰੱਕ ਨਾਲ ਟਕਰਾ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਸਕਾਰਪੀਓ ਪੂਰੀ ਤਰ੍ਹਾਂ ਨੁਕਸਾਨੀ ਗਈ। ਇਹ ਹਾਦਸਾ ਬਾੜਮੇਰ-ਜੋਧਪੁਰ ਰਾਸ਼ਟਰੀ ਰਾਜਮਾਰਗ 'ਤੇ ਰਾਤ 11:30 ਵਜੇ ਦੇ ਕਰੀਬ ਪਚਪਦਰਾ ਥਾਣਾ ਖੇਤਰ ਦੇ ਅਧੀਨ ਆਉਂਦੇ ਭਾਡੀਆਵਾਸ ਪਿੰਡ ਨੇੜੇ ਵਾਪਰਿਆ।

ਮ੍ਰਿਤਕਾਂ ਦੀ ਪਛਾਣ ਰੇਵੰਤਰਾਮ (26), ਸਵਰੂਪਰਾਮ (27), ਭਰਤ (25), ਕਿਸ਼ਨ (27) ਅਤੇ ਭਾਵੇਸ਼ ਜਾਟ ਵਜੋਂ ਹੋਈ




ਹੈ। ਇਹ ਸਾਰੇ ਬਲੋਤਰਾ ਜ਼ਿਲ੍ਹੇ ਦੇ ਕਨੋਦ ਪਿੰਡ ਦੇ ਰਹਿਣ ਵਾਲੇ ਸਨ। ਗੰਭੀਰ ਜ਼ਖ਼ਮੀ ਬਾਬੂ, ਮੁਕੇਸ਼ ਅਤੇ ਹੇਮਾਰਾਮ ਨੂੰ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਜੋਧਪੁਰ ਰੈਫਰ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਕਾਰ ਸਵਾਰ ਜੋਧਪੁਰ ਦੇ ਭੋਮੀਆਜੀ ਮੰਦਰ ਦੇ ਦਰਸ਼ਨ ਕਰਨ ਤੋਂ ਬਾਅਦ ਇੱਕ ਸਕਾਰਪੀਓ ਐਸਯੂਵੀ ਵਿੱਚ ਆਪਣੇ ਪਿੰਡ ਵਾਪਸ ਆ ਰਹੇ ਸਨ। ਹਾਦਸੇ ਦੀ ਸੂਚਨਾ ਮਿਲਣ 'ਤੇ ਪੁਲਿਸ ਟੀਮ ਮੌਕੇ 'ਤੇ ਪਹੁੰਚੀ। ਜ਼ਖ਼ਮੀਆਂ ਨੂੰ ਕਾਰ ਤੋਂ ਬਾਹਰ ਕੱਢ ਕੇ ਹਸਪਤਾਲ ਦਾਖਲ ਕਰਵਾਇਆ ਗਿਆ।

# ਅਮਰੀਕਾ 'ਚ ਪਤੀ ਨੇ ਭਾਰਤੀ ਮੂਲ ਦੀ ਪਤਨੀ ਦਾ ਗੋਲੀਆਂ ਮਾਰ ਕੇ ਕੀਤਾ ਕਤਲ

## ਪੁੱਤ ਨੂੰ ਵੀ ਗੋਲੀਆਂ ਮਾਰ ਕੇ ਕੀਤਾ ਜ਼ਖ਼ਮੀ

**ਵਾਸ਼ਿੰਗਟਨ :** ਅਮਰੀਕਾ ਦੇ ਜਾਰਜੀਆ ਰਾਜ ਵਿਚ ਇਕ 56 ਸਾਲਾ ਵਿਅਕਤੀ ਨੇ ਕਥਿਤ ਤੌਰ 'ਤੇ ਅਪਣੀ ਭਾਰਤੀ ਅਮਰੀਕੀ ਪਤਨੀ ਦਾ ਗੋਲੀਆਂ ਮਾਰ ਕੇ ਕਤਲ ਕਰਨ ਮਗਰੋਂ ਅਤੇ ਅਪਣੇ ਪੁੱਤ 'ਤੇ ਵੀ ਗੋਲੀਆਂ ਚਲਾ ਦਿਤੀਆਂ, ਜਿਸ ਨਾਲ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਉਥੇ ਹੀ ਪੁਲਿਸ ਨੇ ਤੁਰਤ ਕਾਰਵਾਈ ਕਰਦਿਆਂ ਮ੍ਰਿਤਕਾ ਦੇ ਪਤੀ ਕਿਰਕ ਬੀ. ਰਿਜ਼ੇਨ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਮੁਲਜ਼ਮ 'ਤੇ ਕਤਲ, ਹਮਲੇ ਅਤੇ ਹਥਿਆਰ ਰੱਖਣ ਵਰਗੇ ਕਈ ਗੰਭੀਰ ਦੋਸ਼ ਲਗਾਏ ਗਏ ਹਨ। ਉਹ ਇਸ ਸਮੇਂ ਕੋਬ ਕਾਊਂਟੀ ਅਡਲਟ ਡਿਟੈਂਸ਼ਨ ਸੈਂਟਰ ਵਿਚ ਬਿਨਾਂ ਜ਼ਮਾਨਤ ਬਾਂਡ ਤੋਂ ਬੰਦ ਹੈ। ਇਹ ਘਟਨਾ ਐਟਲਾਂਟਾ ਦੇ ਨੇੜੇ ਸਥਿਤ ਕੋਬ ਕਾਊਂਟੀ ਦੇ ਸਮਿਰਨਾ ਸ਼ਹਿਰ ਵਿਚ ਲੌਰੇਲ ਕ੍ਰੀਕ ਟਰੇਲ 'ਤੇ ਸਥਿਤ ਇਕ ਘਰ ਵਿਚ ਵਾਪਰੀ। ਇਸ ਘਟਨਾ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਿਸ ਨੂੰ 57 ਸਾਲਾ ਸ਼ੀਤਲ ਰਿਜ਼ੇਨ ਅਪਣੇ ਘਰ ਅੰਦਰੋਂ ਮ੍ਰਿਤਕ ਪਈ ਮਿਲੀ ਸੀ। ਉਸ ਨੂੰ ਗੋਲੀਆਂ ਲੱਗੀਆਂ ਹੋਈਆਂ ਸਨ। ਉਥੇ ਹੀ ਉਨ੍ਹਾਂ ਦਾ 23 ਸਾਲਾ ਪੁੱਤਰ, ਜੇਸਨ ਰਿਜ਼ੇਨ ਘਰ ਦੇ ਬਾਹਰ ਜ਼ਖ਼ਮੀ ਹਾਲਤ ਪਿਆ ਮਿਲਿਆ, ਜਿਸ ਨੂੰ ਹਸਪਤਾਲ ਪਹੁੰਚਾਇਆ ਗਿਆ। ਐਮਰਜੈਂਸੀ ਟੀਮਾਂ ਦੁਆਰਾ ਤੁਰਤ ਪੁਲਿਸ ਅਜੇ ਵੀ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਅਜੇ ਤਕ ਕਤਲ ਦੇ ਅਸਲ ਕਾਰਨਾਂ ਦਾ ਖੁਲਾਸਾ ਨਹੀਂ ਹੋਇਆ ਹੈ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਹੁਣ ਜਨਤਾ ਨੂੰ ਕੋਈ ਹੋਰ ਖ਼ਤਰਾ ਨਹੀਂ ਹੈ।




# ਫ਼ਿਲਮ 'ਜੁਰਾਸਿਕ ਪਾਰਕ' ਦੇ ਅਦਾਕਾਰ ਸੈਮ ਨੀਲ ਦਾ ਹੋਇਆ ਦੇਹਾਂਤ

**ਨਵੀਂ ਦਿੱਲੀ :** ਹਾਲੀਵੁੱਡ ਦੀ ਮਸ਼ਹੂਰ ਫ਼ਿਲਮ 'ਜੁਰਾਸਿਕ ਪਾਰਕ' ਅਤੇ ਆਸਕਰ ਜੇਤੂ ਫ਼ਿਲਮ 'ਦ ਪਿਆਨੋ' ਦੇ ਐਕਟਰ ਸੈਮ ਨੀਲ ਦਾ ਸੋਮਵਾਰ ਨੂੰ 78 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੇ ਪਰਿਵਾਰ ਨੇ ਸੋਸ਼ਲ ਮੀਡੀਆ 'ਤੇ ਜਾਰੀ ਬਿਆਨ ਵਿੱਚ ਇਸ ਦੁਖਦਾਈ ਖ਼ਬਰ ਦੀ ਪੁਸ਼ਟੀ ਕੀਤੀ ਹੈ। ਪਰਿਵਾਰ ਦੇ ਬਿਆਨ ਅਨੁਸਾਰ ਸੈਮ ਨੀਲ ਦਾ ਦੇਹਾਂਤ ਅਚਾਨਕ ਹੋਇਆ । ਜਦਿਕ ਉਨ੍ਹਾਂ ਨੇ ਇਹ ਵੀ ਕਿਹਾ ਕਿ ਸੈਮ ਕੈਂਸਰ ਤੋਂ ਪੂਰੀ ਤਰ੍ਹਾਂ ਠੀਕ ਹੋ ਚੁੱਕੇ ਸਨ । ਸਾਲ 2023 ਵਿੱਚ ਉਨ੍ਹਾਂ ਨੇ ਖ਼ੁਦ ਦੱਸਿਆ ਸੀ ਕਿ ਉਨ੍ਹਾਂ ਨੂੰ ਐਂਜੀਓਇਮਿਊਨੋਬਲਾਸਟਿਕ ਟੀ-ਸੈੱਲ ਲਿਮਫੋਮਾ ਨਾਂ ਦਾ ਇੱਕ ਦੁਰਲੱਭ ਬਲੱਡ ਕੈਂਸਰ ਹੋਇਆ ਸੀ। ਇਲਾਜ ਤੋਂ ਬਾਅਦ ਉਨ੍ਹਾਂ ਦੀ ਬਿਮਾਰੀ ਠੀਕ ਹੋ ਗਈ ਸੀ। ਫਿਲਹਾਲ ਪਰਿਵਾਰ ਨੇ ਉਨ੍ਹਾਂ ਦੇ ਦੇਹਾਂਤ ਦਾ ਕਾਰਨ ਨਹੀਂ ਦੱਸਿਆ ਹੈ। ਸੈਮ ਨੀਲ ਨੂੰ ਉਨ੍ਹਾਂ ਦੀ ਦਮਦਾਰ ਅਤੇ ਸਹਿਜ ਐਕਟਿੰਗ ਲਈ ਜਾਣਿਆ ਜਾਂਦਾ ਸੀ। ਉਨ੍ਹਾਂ ਨੇ ਕਈ ਬਿਹਤਰੀਨ ਫ਼ਿਲਮਾਂ ਵਿੱਚ ਕੰਮ ਕੀਤਾ, ਪਰ ਉਨ੍ਹਾਂ ਨੂੰ ਸਭ ਤੋਂ ਵੱਧ ਪ੍ਰਸਿੱਧੀ 'ਜੁਰਾਸਿਕ ਪਾਰਕ' ਵਿੱਚ ਡਾਕਟਰ ਐਲਨ ਗ੍ਰਾਂਟ ਦੇ ਕਿਰਦਾਰ ਤੋਂ ਮਿਲੀ।



# ਵੀਅਤਨਾਮ ਕਿਸ਼ਤੀ ਹਾਦਸਾ, ਲਾਵਾ ਕੰਪਨੀ ਵੱਲੋਂ ਪੀੜਤ ਪਰਿਵਾਰਾਂ ਨੂੰ 25-25 ਲੱਖ ਰੁਪਏ ਦੀ ਮਦਦ ਦਾ ਐਲਾਨ

**ਨਵੀਂ ਦਿੱਲੀ/ਥਿਰੂਵਨੰਤਪੁਰਮ:** ਵੀਅਤਨਾਮ ਦੇ ਫੂ ਕੁਓਕ ਟਾਪੂ ਨੇੜੇ ਵਾਪਰੇ ਭਿਆਨਕ ਸਪੀਡਬੋਟ ਹਾਦਸੇ ਵਿੱਚ 15 ਭਾਰਤੀ ਸੈਲਾਨੀਆਂ ਦੀ ਮੌਤ ਤੋਂ ਬਾਅਦ ਦੇਸ਼ ਭਰ ਵਿੱਚ ਸੋਗ ਦੀ ਲਹਿਰ ਹੈ। ਇਸ ਦੁਖਦਾਈ ਘੜੀ ਵਿੱਚ, ਮੋਬਾਈਲ ਫੋਨ ਬਣਾਉਣ ਵਾਲੀ ਪ੍ਰਮੁੱਖ ਭਾਰਤੀ ਕੰਪਨੀ ਲਾਵਾ ਇੰਟਰਨੈਸ਼ਨਲ ਨੇ ਇੱਕ ਵੱਡਾ ਐਲਾਨ ਕੀਤਾ ਹੈ। ਕੰਪਨੀ ਨੇ ਹਾਦਸੇ ਵਿੱਚ ਜਾਨ ਗੁਆਉਣ ਵਾਲੇ ਆਪਣੇ 14 ਐਸੋਸੀਏਟਸ ਅਤੇ ਇੱਕ ਸਟਾਫ਼ ਮੈਂਬਰ ਦੇ ਪਰਿਵਾਰਾਂ ਨੂੰ 25-25 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਹੈ। ਕੰਪਨੀ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ, ''ਇਸ ਮੁਸ਼ਕਲ ਘੜੀ ਵਿੱਚ ਪਰਿਵਾਰਾਂ ਨਾਲ ਇਕਜੁੱਟਤਾ ਦੇ ਪ੍ਰਗਟਾਵੇ ਵਜੋਂ, ਲਾਵਾ ਹਰ ਮ੍ਰਿਤਕ ਦੇ ਪਰਿਵਾਰ ਨੂੰ 25 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਵਿੱਤੀ ਸਹਾਇਤਾ ਪ੍ਰਦਾਨ ਕਰੇਗਾ। ਇਹ ਸਹਾਇਤਾ ਮਨੁੱਖਤਾ ਦੇ ਅਧਾਰ 'ਤੇ ਸਵੈਇੱਛਤ ਤੌਰ 'ਤੇ ਦਿੱਤੀ ਜਾ ਰਹੀ ਹੈ ਕਿਉਂਕਿ ਜਾਨ ਗੁਆਉਣ ਵਾਲੇ ਸਾਡੇ ਲਾਵਾ ਪਰਿਵਾਰ ਦੇ ਕੀਮਤੀ ਮੈਂਬਰ ਸਨ।''ਕੇਰਲ ਦੇ ਮੁੱਖ ਮੰਤਰੀ ਦਫ਼ਤਰ (ਛੌ) ਨੇ ਪੁਸ਼ਟੀ ਕੀਤੀ ਹੈ ਕਿ ਹਾਦਸੇ ਦਾ ਸ਼ਿਕਾਰ ਹੋਏ ਕੇਰਲ ਦੇ ਕੋਟਾਰਾਕਰਾ ਦੇ ਰਹਿਣ ਵਾਲੇ ਏ. ਸੀ. ਥਾਮਸ (57) ਅਤੇ ਉਨ੍ਹਾਂ ਦੀ ਪਤਨੀ ਲੋਵੇਨੀ ਥਾਮਸ (56) ਦੀਆਂ ਮ੍ਰਿਤਕ ਦੇਹਾਂ ਮੰਗਲਵਾਰ ਸਵੇਰੇ ਮੁੰਬਈ ਤੋਂ ਥਿਰੂਵਨੰਤਪੁਰਮ ਪਹੁੰਚਣਗੀਆਂ। ਸੀ.ਐਮ.ਓ. ਅਨੁਸਾਰ, ''ਮ੍ਰਿਤਕ ਦੇਹਾਂ ਨੂੰ ਏਅਰ ਇੰਡੀਆ ਦੀ ਫਲਾਈਟ ਅੀ 2605 ਰਾਹੀਂ ਲਿਆਂਦਾ ਜਾਵੇਗਾ, ਜੋ ਮੁੰਬਈ ਤੋਂ ਸਵੇਰੇ 6:30 ਵਜੇ ਉਡਾਣ ਭਰੇਗੀ ਅਤੇ 8:50 ਵਜੇ ਥਿਰੂਵਨੰਤਪੁਰਮ ਪਹੁੰਚੇਗੀ।''ਇਸ ਦੌਰਾਨ, ਹਾਦਸੇ ਵਿੱਚੋਂ ਸੁਰੱਖਿਅਤ ਬਚੇ ਸੈਲਾਨੀਆਂ ਨੇ ਉੱਥੇ ਮੈਡੀਕਲ ਸਹੂਲਤਾਂ ਦੀ ਘਾਟ 'ਤੇ ਗੰਭੀਰ ਸਵਾਲ ਚੁੱਕੇ ਹਨ। ਰਾਜਮੁੰਦਰੀ ਦੇ ਰਹਿਣ ਵਾਲੇ ਗੋਵਿੰਦਾ ਨੇ ਦੱਸਿਆ, ''ਟਾਪੂ 'ਤੇ ਕੋਈ ਯੋਗ ਮੈਡੀਕਲ ਟੀਮ ਨਹੀਂ ਸੀ। ਅਸੀਂ ਆਪਣੇ ਸੀਮਤ ਗਿਆਨ ਨਾਲ ਲੋਕਾਂ ਨੂੰ ਸੀਪੀਆਰ (ਛਫ਼) ਦੇ ਕੇ ਬਚਾਉਣ ਦੀ ਕੋਸ਼ਿਸ਼ ਕੀਤੀ। ਜੇਕਰ ਉੱਥੇ ਸਿਖਲਾਈ ਪ੍ਰਾਪਤ ਡਾਕਟਰ ਅਤੇ ਆਕਸੀਜਨ ਦੀ ਸਹੂਲਤ ਹੁੰਦੀ, ਤਾਂ ਕਈ ਹੋਰ ਜਾਨਾਂ ਬਚਾਈਆਂ ਜਾ ਸਕਦੀਆਂ ਸਨ।'' ਇਸ ਹਾਦਸੇ ਵਿੱਚ ਕੁੱਲ 32 ਭਾਰਤੀ ਸੈਲਾਨੀ ਸਵਾਰ ਸਨ, ਜਿਨ੍ਹਾਂ ਵਿੱਚੋਂ 15 ਦੀ ਮੌਤ ਹੋ ਗਈ ਅਤੇ 16 ਨੂੰ ਸੁਰੱਖਿਅਤ ਬਾਹਰ ਕੱਢ ਕੇ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ, ਜਦਕਿ ਇੱਕ ਭਾਰਤੀ ਨਾਗਰਿਕ ਅਜੇ ਵੀ ਹੋ ਚੀ ਮਿਨ੍ਹ ਸ਼ਹਿਰ ਦੇ ਹਸਪਤਾਲ ਵਿੱਚ ਜ਼ੇਰੇ-ਇਲਾਜ ਹੈ।




Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਸੋਨੀਪਤ: ਸੜਕ ਹਾਦਸੇ ਵਿੱਚ ਬਾਈਕ ਸਵਾਰ 2 ਦੋਸਤਾਂ ਦੀ ਮੌਤ, ਟਰੱਕ ਨਾਲ ਟਕਰਾਈ ਬਾਈਕ

**ਸੋਨੀਪਤ:** ਸੋਨੀਪਤ ਵਿੱਚ ਇੱਕ ਭਿਆਨਕ ਸੜਕ ਹਾਦਸਾ ਵਾਪਰ ਗਿਆ। ਗੰਨੌਰ ਕੋਰਟ ਵਿੱਚ ਜ਼ਰੂਰੀ ਕੰਮ ਲਈ ਜਾ ਰਹੇ ਦੋ ਦੋਸਤਾਂ ਦੀ ਬਾਈਕ ਅੱਗੇ ਚੱਲ ਰਹੇ ਇੱਕ ਟਰੱਕ ਨਾਲ ਟਕਰਾ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਦੋਵੇਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਅਤੇ ਹਸਪਤਾਲ ਪਹੁੰਚਣ ਤੋਂ ਬਾਅਦ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਕਾਰਨ ਹੋਏ ਇਸ ਹਾਦਸੇ ਵਿੱਚ ਬਾਈਕ ਸਵਾਰ 2 ਦੋਸਤਾਂ ਦੀ ਜਾਨ ਚਲੀ ਗਈ। ਦੋਵੇਂ ਆਪਣੇ ਪਰਿਵਾਰ ਦਾ ਇਕਲੌਤਾ ਸਹਾਰਾ ਸਨ ਅਤੇ ਰੋਜ਼ੀ-ਰੋਟੀ ਲਈ ਮਿਹਨਤ-ਮਜ਼ਦੂਰੀ ਕਰਦੇ ਸਨ। ਘਟਨਾ ਤੋਂ ਬਾਅਦ ਦੋਵਾਂ ਪਰਿਵਾਰਾਂ ਵਿੱਚ ਮਾਤਮ ਪਸਰਿਆ ਹੋਇਆ ਹੈ। ਪਤਨੀ ਅਤੇ ਮਾਸੂਮ ਬੱਚਿਆਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਮੁਰਥਲ ਥਾਣਾ ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਵੱਲੋਂ ਟਰੱਕ ਡਰਾਈਵਰ ਦੀ ਭਾਲ ਕੀਤੀ ਜਾ ਰਹੀ ਹੈ।

**ਗੰਨੌਰ ਕੋਰਟ ਜਾਂਦੇ ਸਮੇਂ ਵਾਪਰਿਆ ਹਾਦਸਾ**



ਪਰਿਵਾਰ ਵਾਲਿਆਂ ਨੇ ਦੱਸਿਆ ਕਿ ਮਰਨ ਵਾਲੇ 33 ਸਾਲਾ ਸੁਨੀਲ ਅਤੇ ਉਸ ਦਾ ਦੋਸਤ ਦੀਪਕ ਸਨ। ਜਾਣਕਾਰੀ ਅਨੁਸਾਰ ਸੁਨੀਲ ਅਤੇ ਦੀਪਕ ਪਲਸਰ ਬਾਈਕ 'ਤੇ ਸਵਾਰ ਹੋ ਕੇ ਗੰਨੌਰ ਕੋਰਟ ਜਾ ਰਹੇ ਸਨ। ਦੱਸਿਆ ਗਿਆ ਕਿ ਸੁਨੀਲ ਨੇ ਆਪਣਾ ਲਾਇਸੈਂਸ ਲੈਣ ਲਈ ਕੋਰਟ ਜਾਣਾ ਸੀ।

ਜਦੋਂ ਉਹ ਕੁਰਾੜ ਬਾਈਪਾਸ ਨੇੜੇ ਪਹੁੰਚੇ ਤਾਂ ਉਨ੍ਹਾਂ ਦੇ ਅੱਗੇ ਜੇ.ਬੀ.ਐਮ. ਕੰਪਨੀ ਦਾ ਇੱਕ ਟਰੱਕ ਚੱਲ ਰਿਹਾ ਸੀ। ਦੋਸ਼ ਹੈ ਕਿ ਟਰੱਕ ਡਰਾਈਵਰ ਨੇ ਹਵਾ ਭਰਵਾਉਣ ਲਈ ਅਚਾਨਕ ਬ੍ਰੇਕ ਲਗਾ ਦਿੱਤੇ। ਪਿੱਛੇ ਤੋਂ ਆ ਰਹੀ ਬਾਈਕ ਸੰਭਲ ਨਹੀਂ ਸਕੀ ਅਤੇ ਸਿੱਧੀ ਟਰੱਕ ਦੇ ਪਿਛਲੇ ਹਿੱਸੇ ਵਿੱਚ ਜਾ ਟਕਰਾਈ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਮੁਰਥਲ ਥਾਣਾ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਨਿਰੀਖਣ ਕਰਕੇ ਜਾਂਚ ਸ਼ੁਰੂ ਕਰ ਦਿੱਤੀ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਸੋਨਾ ਅਤੇ ਚਾਂਦੀ ਦੀਆਂ ਡਿੱਗੀਆਂ ਕੀਮਤਾਂ, ਸੋਨੇ ਦੀ ਕੀਮਤ 1,500 ਰੁਪਏ ਘੱਟ ਕੇ 1.47 ਲੱਖ ਰੁਪਏ ਪ੍ਰਤੀ 10 ਗ੍ਰਾਮ ਹੋਈ



**ਨਵੀਂ ਦਿੱਲੀ:** ਪੱਛਮੀ ਏਸ਼ੀਆ ਵਿੱਚ ਅਨਿਸ਼ਚਿਤਤਾ ਬਣੀ ਰਹਿਣ ਕਾਰਨ ਰਾਸ਼ਟਰੀ ਰਾਜਧਾਨੀ ਦੇ ਸਰਾਫ਼ਾ ਬਾਜ਼ਾਰ ਵਿੱਚ ਸੋਮਵਾਰ ਨੂੰ ਸੋਨੇ ਦੀ ਕੀਮਤ 1,500 ਰੁਪਏ ਟੁੱਟ ਕੇ 1.47 ਲੱਖ ਰੁਪਏ ਪ੍ਰਤੀ 10 ਗ੍ਰਾਮ ਰਹਿ ਗਈ। ਉੱਥੇ ਹੀ ਚਾਂਦੀ ਦੀ ਕੀਮਤ ਵੀ 2,000 ਰੁਪਏ ਫਿਸਲ ਗਈ। ਸਥਾਨਕ ਬਾਜ਼ਾਰ ਦੇ ਮਾਹਰਾਂ ਅਨੁਸਾਰ, 99.9 ਫੀਸਦੀ ਸ਼ੁੱਧਤਾ ਵਾਲੇ ਸੋਨੇ ਦੀ ਕੀਮਤ ਸ਼ੁੱਕਰਵਾਰ ਦੇ ਬੰਦ ਭਾਅ 1,48,500 ਰੁਪਏ ਪ੍ਰਤੀ 10 ਗ੍ਰਾਮ ਤੋਂ 1,500 ਰੁਪਏ ਘਟ ਕੇ 1,47,000 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਰਹਿ ਗਈ। ਚਾਂਦੀ ਦੀ ਕੀਮਤ ਵੀ 2,000 ਰੁਪਏ ਘਟ ਕੇ 2,35,000 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਰਹਿ ਗਈ। ਪਿਛਲੇ ਸੈਸ਼ਨ ਵਿੱਚ ਚਾਂਦੀ ਦਾ ਭਾਅ 2,37,000 ਰੁਪਏ ਪ੍ਰਤੀ ਕਿਲੋਗ੍ਰਾਮ ਸੀ। ਕਾਰੋਬਾਰੀਆਂ ਨੇ ਕਿਹਾ ਕਿ ਪੱਛਮੀ ਏਸ਼ੀਆ ਵਿੱਚ ਫਿਰ ਤੋਂ ਤਣਾਅ ਵਧਣ ਨਾਲ ਕੱਚੇ ਤੇਲ ਦੀਆਂ ਕੀਮਤਾਂ ਵਧ ਗਈਆਂ, ਜਿਸ ਨਾਲ ਮਹਿੰਗਾਈ ਦੀਆਂ ਚਿੰਤਾਵਾਂ ਵਧੀਆਂ ਅਤੇ ਡਾਲਰ ਮਜ਼ਬੂਤ ਹੋਇਆ, ਜਿਸ ਦਾ ਅਸਰ ਕੀਮਤੀ ਧਾਤਾਂ 'ਤੇ ਪਿਆ। ਐਚ.ਡੀ.ਐਫ.ਸੀ. ਸਕਿਓਰਿਟੀਜ਼ ਦੇ ਸੀਨੀਅਰ ਵਿਸ਼ਲੇਸ਼ਕ (ਕੋਮੋਡਿਟੀ) ਸੌਮਿਲ ਗਾਂਧੀ ਨੇ ਕਿਹਾ, ‘‘ਸੋਮਵਾਰ ਨੂੰ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਕਮਜ਼ੋਰੀ ਦੇ ਕਾਰਨ ਸੋਨੇ ਦੀਆਂ ਕੀਮਤਾਂ ਵਿੱਚ ਗਿਰਾਵਟ ਆਈ, ਕਿਉਂਕਿ ਪੱਛਮੀ ਏਸ਼ੀਆ ਵਿੱਚ ਫਿਰ ਤੋਂ ਤਣਾਅ ਵਧਣ ਨਾਲ ਕੱਚੇ ਤੇਲ ਦੀਆਂ ਕੀਮਤਾਂ ਵਧ ਗਈਆਂ ਅਤੇ ਮਹਿੰਗਾਈ ਦੀਆਂ ਚਿੰਤਾਵਾਂ ਫਿਰ ਤੋਂ ਪੈਦਾ ਹੋ ਗਈਆਂ।’’ ਉਨ੍ਹਾਂ ਨੇ ਕਿਹਾ ਕਿ ਅਮਰੀਕਾ ਅਤੇ ਈਰਾਨ ਵਿਚਾਲੇ ਹਾਲੀਆ ਤਣਾਅ ਵਧਣ ਨਾਲ ਗਲੋਬਲ ਊਰਜਾ ਸਪਲਾਈ ਵਿੱਚ ਰੁਕਾਵਟ ਅਤੇ ਤੀਜੀ ਤਿਮਾਹੀ ਵਿੱਚ ਤੇਲ ਬਾਜ਼ਾਰ ਦੀ ਸਥਿਤੀ ਦੇ ਹੋਰ ਸਖ਼ਤ ਹੋਣ ਦੀਆਂ ਚਿੰਤਾਵਾਂ ਵਧ ਗਈਆਂ ਹਨ। ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ, ਹਾਜ਼ਰ ਸੋਨੇ ਦੀ ਕੀਮਤ 53.14 ਡਾਲਰ ਜਾਂ 1.3 ਫੀਸਦੀ ਘਟ ਕੇ 4,067.94 ਡਾਲਰ ਪ੍ਰਤੀ ਔਂਸ ਰਹਿ ਗਈ ਅਤੇ ਚਾਂਦੀ ਦੀ ਕੀਮਤ 2.32 ਫੀਸਦੀ ਘਟ ਕੇ 58.47 ਡਾਲਰ ਪ੍ਰਤੀ ਔਂਸ ਰਹਿ ਗਈ। ਮਿਰੇ ਐਸੇਟ ਸ਼ੇਅਰਖਾਨ (Mirae Asset Sharekhan) ਵਿੱਚ ਕੋਮੋਡਿਟੀ ਮੁਖੀ ਪ੍ਰਵੀਨ ਸਿੰਘ ਨੇ ਕਿਹਾ, ‘‘ਗਲੋਬਲ ਬਾਜ਼ਾਰਾਂ ਵਿੱਚ ਹਾਜ਼ਰ ਸੋਨੇ ਦੀ ਕੀਮਤ ਵਿੱਚ ਗਿਰਾਵਟ ਆਈ ਕਿਉਂਕਿ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਨਾਲ ਮਹਿੰਗਾਈ ਦੀਆਂ ਚਿੰਤਾਵਾਂ ਵਧ ਗਈਆਂ ਅਤੇ ਇਸ ਗੱਲ ਦੀਆਂ ਉਮੀਦਾਂ ਵਧ ਗਈਆਂ ਕਿ ਫੈਡਰਲ ਰਿਜ਼ਰਵ ਵਿਆਜ ਦਰਾਂ ਨੂੰ ਲੰਬੇ ਸਮੇਂ ਤੱਕ ਉੱਚਾ ਰੱਖ ਸਕਦਾ ਹੈ।’’

## ਮੋਹਾਲੀ ਦੇ 6 ਸਕੂਲਾਂ ਨੂੰ ਮਿਲੀ ਧਮਕੀ



**ਮੋਹਾਲੀ:** ਸੂਤਰਾਂ ਦੇ ਹਵਾਲੇ ਤੋਂ ਇੱਕ ਵੱਡੀ ਖਬਰ ਸਾਹਮਣੇ ਆਈ ਹੈ। ਸੂਤਰਾਂ ਮੁਤਾਬਿਕ ਮੋਹਾਲੀ ਦੇ 6 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਪ੍ਰਸ਼ਾਸਨ ਵੱਲੋਂ ਸਕੂਲ ਖਾਲੀ ਕਰਵਾ ਕੇ ਚੈਕਿੰਗ ਕੀਤੀ ਜਾਵੇਗੀ। ਮੋਹਾਲੀ ਦੇ ਸ਼ਿਵਾਲਕ ਸਕੂਲ ਵੱਲੋਂ ਮਾਪਿਆ ਨੂੰ ਈਮੇਲ ਭੇਜੀ ਗਈ ਹੈ ਬੱਚਿਆਂ ਨੂੰ ਸਕੂਲ ਤੋਂ ਘਰ ਲੈ ਜਾਓ।

# ਉਤਰਾਖੰਡ ਵਿੱਚ ਜ਼ਮੀਨ ਖਿਸਕਣ ਕਾਰਨ ਦੋ ਹਾਈਵੇਅ ਸਮੇਤ 126 ਸੜਕਾਂ ਬੰਦ

### ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵਿੱਚ ਲਗਾਤਾਰ ਮੀਂਹ ਕਾਰਨ ਰੋਜ਼ਾਨਾ ਜਨਜੀਵਨ ਪ੍ਰਭਾਵਿਤ



**ਨਵੀਂ ਦਿਲੀ।** ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿਚ ਮਾਨਸੂਨ ਦੀ ਗਤੀ ਹੌਲੀ ਹੋ ਗਈ ਹੈ। ਭਾਰਤੀ ਮੌਸਮ ਵਿਭਾਗ ਦੇ ਅਨੁਸਾਰ, ਚੰਗੀ ਬਾਰਿਸ਼ ਇਸ ਸਮੇਂ ਉੱਤਰਾਖੰਡ, ਹਿਮਾਚਲ ਪ੍ਰਦੇਸ਼, ਪੱਛਮੀ ਬੰਗਾਲ ਅਤੇ ਉੱਤਰ-ਪੂਰਬ ਤੱਕ ਸੀਮਤ ਹੈ। ਹਾਲਾਂਕਿ, ਬਿਹਾਰ ਅਤੇ ਪੱਛਮੀ ਬੰਗਾਲ ਸਮੇਤ 18 ਸੂਬਿਆਂ ਲਈ ਅੱਜ ਮੀਂਹ ਲਈ 'ਰੈੱਡ ਅਲਰਟ' ਜਾਰੀ ਕੀਤਾ ਗਿਆ ਹੈ। ਲਗਾਤਾਰ ਬਾਰਿਸ਼ ਕਾਰਨ ਉਤਰਾਖੰਡ ਵਿਚ ਕਈ ਥਾਵਾਂ 'ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ ਹਨ। ਦੋ ਰਾਸ਼ਟਰੀ ਰਾਜਮਾਰਗਾਂ ਸਮੇਤ ਕੁੱਲ 126 ਸੜਕਾਂ ਬੰਦ ਹਨ। ਸਯਾਨਾਚੱਟੀ ਨੇੜੇ ਰਿਸ਼ੀਕੇਸ਼-ਯਮੁਨੋਤਰੀ ਰਾਜਮਾਰਗ ਐਤਵਾਰ ਨੂੰ ਲਗਾਤਾਰ ਤੀਜੇ ਦਿਨ ਵੀ ਬੰਦ ਰਿਹਾ। ਮਲਬੇ ਕਾਰਨ ਤਵਾਘਾਟ-ਗੂੰਜੀ ਰਾਜਮਾਰਗ ਵੀ ਬੰਦ ਹੈ। ਹਿਮਾਚਲ ਪ੍ਰਦੇਸ਼ ਤੋਂ ਪਾਣੀ ਦੇ ਆਉਣ ਕਾਰਨ ਹਰਿਆਣਾ ਵਿੱਚ ਯਮੁਨਾ ਅਤੇ ਮਾਰਕੰਡਾ ਨਦੀਆਂ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਹੈ, ਜਿਸ ਕਾਰਨ ਕਈ ਪਿੰਡਾਂ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਦਿੱਲੀ ਵਿੱਚ, ਐਤਵਾਰ ਨੂੰ ਯਮੁਨਾ ਨਦੀ ਵਿੱਚ ਨਹਾਉਣ ਗਏ ਚਾਰ ਬੱਚੇ ਤੇਜ਼ ਵਹਾਅ ਵਿੱਚ ਵਹਿ ਗਏ; ਦੇਰ ਰਾਤ ਤੱਕ ਜਾਰੀ ਸਰਚ ਆਪ੍ਰੇਸ਼ਨ ਦੌਰਾਨ ਦੋ ਬੱਚਿਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ। ਮੌਸਮ ਵਿਭਾਗ ਨੇ ਅੱਜ ਯੂਪੀ ਅਤੇ ਬਿਹਾਰ ਸਮੇਤ 18 ਰਾਜਾਂ ਲਈ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਹੈ। ਬਿਹਾਰ ਦੇ 19 ਜ਼ਿਲ੍ਹਿਆਂ ਲਈ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਪਟਨਾ ਵੀ ਸ਼ਾਮਲ ਹੈ। ਵਿਭਾਗ ਦੇ ਅਨੁਸਾਰ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਪੱਛਮੀ ਬੰਗਾਲ ਅਤੇ ਉੱਤਰ-ਪੂਰਬ ਦੇ ਕਈ ਖੇਤਰਾਂ ਵਿੱਚ ਅਗਲੇ 6-7 ਦਿਨਾਂ ਤੱਕ ਭਾਰੀ ਮੀਂਹ ਜਾਰੀ ਰਹਿਣ ਦੀ ਸੰਭਾਵਨਾ ਹੈ।



# ਸ਼ਹੀਦ ਭਾਈ ਮਨੀ ਸਿੰਘ ਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਮਨੁੱਖਤਾ ਦੇ ਭਲੇ ਲਈ ਮਹਾਨ ਖ਼ੂਨਦਾਨ ਕੈਂਪ ਲਾਇਆ

## ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਨੇ 7 ਪੁੱਤਰਾਂ,11 ਭਰਾਵਾਂ ਤੇ ਪ੍ਰੀਵਾਰ ਦੇ 53 ਜੀਆਂ ਸਮੇਤ ਸ਼ਹਾਦਤ ਦਿੱਤੀ-ਜਥੇਦਾਰ ਨਿਮਾਣਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼ਹੀਦ ਭਾਈ ਮਨੀ ਸਿੰਘ ਅਤੇ ਸਮੂਹ ਸ਼ਹੀਦਾਂ ਦੀ ਯਾਦ ਦੇ ਵਿੱਚ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੋਸਾਇਟੀ ਵੱਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 903ਵਾਂ ਮਹਾਨ ਖ਼ੂਨਦਾਨ ਕੈਂਪ ਸਿਮਰਜੀਤ ਸਿੰਘ ਮੁੰਡੀ ਅਤੇ ਅਮਨਪ੍ਰੀਤ ਕੌਰ ਮੁੰਡੀ ਦੇ ਪੂਰਨ ਸਹਿਯੋਗ ਨਾਲ ਏ.ਐਸ.ਫਿਟਨੈਸ ਜਿਮ, ਨੇੜੇ ਸੁੰਦਰ ਨਗਰ ਚੌਂਕ, 33 ਫੁੱਟ ਰੋਡ, ਮੁੰਡੀਆ ਕਲਾਂ ਵਿਖੇ ਲਗਾਇਆ ਗਿਆ। ਇਸ ਮਹਾਨ ਖ਼ੂਨਦਾਨ ਕੈਂਪ ਦਾ ਉਦਘਾਟਨ ਹਰਪ੍ਰੀਤ ਕੌਰ ਗਰੇਵਾਲ ਚੇਅਰਮੈਨ ਪੰਜਾਬ ਅਤੇ ਨੀਲੂ ਵਰਮਾ ਜ਼ਿਲ੍ਹਾ ਚੇਅਰਮੈਨ ਨੇ ਕੀਤਾ ਅਤੇ ਮਨੁੱਖਤਾ ਦੇ ਭਲੇ ਲਈ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦੀ ਸ਼ਲਾਘਾ ਕੀਤੀ। ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੋਸਾਇਟੀ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਜੀਵਨ ਤੇ ਚਾਨਣ ਪਾਉਂਦਿਆਂ ਦੱਸਿਆ ਭਾਈ ਮਨੀ ਸਿੰਘ ਜੀ ਮੁਗਲਾਂ ਅੱਗੇ ਡੋਲੇ ਨਹੀਂ, ਝੁਕੇ ਨਹੀਂ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਲਈ 90 ਸਾਲ ਦੀ ਉਮਰ ਵਿੱਚ ਆਪਣਾ ਬੰਦ-ਬੰਦ ਕਟਵਾਉਂਦੇ ਹੋਏ ਸ਼ਹਾਦਤ ਦਿੱਤੀ ਅਤੇ ਭਾਈ ਮਨੀ ਸਿੰਘ ਜੀ ਨੇ ਆਪਣੇ 7 ਪੁੱਤਰਾਂ,11 ਭਰਾਵਾਂ ਸਮੇਤ ਪਰਿਵਾਰ ਦੇ 53 ਜੀਆਂ ਨੇ ਸ਼ਹਾਦਤ ਦਿੱਤੀ। ਇਸ ਸਮੇਂ ਜਥੇਦਾਰ ਤਰਨਜੀਤ ਸਿੰਘ ਨਿਮਾਣਾ, ਹਰਪ੍ਰੀਤ ਕੌਰ ਗਰੇਵਾਲ, ਨੀਲੂ ਵਰਮਾ ਨੇ ਅੰਬਰ ਕੌਰ ਤੇ ਉਸਦੀ ਬੇਟੀ ਕਰਨਜੀਤ ਕੌਰ ਸਮੇਤ ਖ਼ੂਨਦਾਨ ਕਰਨ ਵਾਲ਼ਿਆਂ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਦਲੀਪ ਸਿੰਘ, ਦਿਲਬਾਗ ਸਿੰਘ, ਹਿੰਮਤ ਸਿੰਘ ਮੁੰਡੀ, ਨਿਤਿਨ ਬੁਧਿਰਜਾ, ਸ਼੍ਰੀਕਾਂਤ, ਗੁਰਵੀਰ ਕੰਬੋਜ, ਨਰਿੰਦਰ ਸਿੰਘ, ਗਗਨਦੀਪ ਸਿੰਘ, ਅਰੁਣ ਭਾਰਦਵਾਜ, ਧਰਮਿੰਦਰ ਸ਼ਰਮਾ, ਸ਼ੁਭਮ ਯਾਦਵ, ਅਨੂਪ ਕਟੀਆਰ, ਹਿਮਾਂਸ਼ੂ ਸ਼ਰਮਾ, ਗੁਰਪ੍ਰੀਤ ਸਿੰਘ, ਬੇਨੀਪਾਲ ਸਿੰਘ, ਗੁਰਲੀਨ ਕੌਰ ਬੇਨੀਪਾਲ, ਪਵਨੀਤ ਸਿੰਘ ਬੇਨੀਪਾਲ ਹਾਜ਼ਰ ਸਨ।







# ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਤੋਂ ਭੱਜੀ ਸਰਕਾਰ

**● ਆਪਣੇ ਸਿਆਸੀ ਹਿੱਤਾਂ ਲਈ ਵਰਤ ਕੇ ਛੱਡੇ ਮੁਲਾਜ਼ਮ ● ਪੱਕੇ ਕਰਨ ਦੀ ਥਾਂ ਨੌਕਰੀ ਤੋਂ ਕੱਢ ਦੇਣ ਦੀਆਂ ਧਮਕੀਆਂ ਦੇਣ ਲੱਗੇ ਅਫ਼ਸਰ ● ਸਰਕਾਰ ਦਾ ਅਫ਼ਸਰਸ਼ਾਹੀ ਤੇ ਨਹੀਂ ਕੋਈ ਕੰਟਰੋਲ-ਆਗੂ ● ਲੋਕ ਮਿਲਣੀ ਪ੍ਰੋਗਰਾਮਾਂ ਵਿੱਚ ਮੁੱਖ ਮੰਤਰੀ ਨੂੰ ਸਵਾਲ ਪੁੱਛਣਗੇ ਮੁਲਾਜ਼ਮ ● 15 ਜੁਲਾਈ ਨੂੰ ਪੰਚਾਇਤ ਮੰਤਰੀ ਦੀ ਕੋਠੀ ਦਾ ਕੀਤਾ ਜਾਵੇਗਾ ਘਿਰਾਓ**

**ਲੁਧਿਆਣਾ 13 ਜੁਲਾਈ (ਕਰਨੈਲ ਸਿੰਘ ਐੱਮ.ਏ.)** 70000 ਨਵੀਆਂ ਨੌਕਰੀਆਂ ਦੇਣ ਦਾ ਦਾਅਵਾ ਕਰਨ ਵਾਲੀ ਭਗਵੰਤ ਮਾਨ ਸਰਕਾਰ ਦਾ ਉਸ ਸਮੇਂ ਝੂਠ ਬੇਨਕਾਬ ਹੋ ਗਿਆ ਜਦੋਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੇ ਨਰੇਗਾ ਮੁਲਾਜ਼ਮਾਂ ਨੂੰ 18 ਸਾਲਾਂ ਤੋਂ ਕੱਚੀਆਂ ਅਸਾਮੀਆਂ ਤੇ ਰੱਖਣ ਦੇ ਬਾਵਜੂਦ ਅੱਜ ਪੱਕੇ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ। ਨਰੇਗਾ ਮੁਲਾਜ਼ਮ ਆਪਣੀਆਂ ਸੇਵਾਵਾਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਮਰਜ਼ ਕਰਕੇ ਪੱਕੀਆਂ ਕਰਨ ਦੀ ਮੰਗ ਨੂੰ ਲੈ ਕੇ ਪਿਛਲੇ 43 ਦਿਨਾਂ ਤੋਂ ਧਰਨੇ ਤੇ ਚੱਲ ਰਹੇ ਹਨ। ਲੰਘੀ 1 ਜੂਨ, 10 ਜੂਨ ਅਤੇ 2 ਜੁਲਾਈ ਨੂੰ ਲਗਾਤਾਰ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਹੋਈਆਂ ਪੈਨਲ ਮੀਟਿੰਗਾਂ ਵਿੱਚ ਕੈਬਨਿਟ ਮੰਤਰੀਆਂ ਨੇ ਮੁਲਾਜ਼ਮਾਂ ਦੀਆਂ ਸਾਰੀਆਂ ਮੰਗਾਂ ਨੂੰ ਜਾਇਜ਼ ਠਹਿਰਾਉਂਦਿਆਂ ਪ੍ਰਵਾਨ ਕਰ ਲਿਆ ਸੀ। ਸਰਕਾਰ ਵੱਲੋਂ 7 ਜੁਲਾਈ ਦੀ ਮੀਟਿੰਗ ਵਿੱਚ ਪੰਚਾਇਤ ਵਿਭਾਗ ਦੇ ਸਾਰੇ ਉੱਚ ਅਧਿਕਾਰੀਆਂ ਨੂੰ ਸ਼ਾਮਲ ਹੋਣ ਦੀ ਹਦਾਇਤ ਕੀਤੀ ਸੀ। ਅੱਜ ਇੱਥੇ ਵਿਕਾਸ ਭਵਨ ਮੋਹਾਲੀ ਫੇਜ਼ 8 ਵਿਖੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਸੇਵਕ ਸਿੰਘ ਝੰਡੂਕੇ, ਸੀਨੀਅਰ ਮੀਤ ਪ੍ਰਧਾਨ ਹਰਿੰਦਰਪਾਲ ਸਿੰਘ, ਸਰਪ੍ਰਸਤ ਵਰਿੰਦਰ ਸਿੰਘ ਬਠਿੰਡਾ, ਵਿੱਚ ਸਕੱਤਰ ਰਮਨਦੀਪ ਸਿੰਘ, ਪ੍ਰੈੱਸ ਸਕੱਤਰ ਅਮਰੀਕ ਸਿੰਘ ਮਹਿਰਾਜ, ਜਨਰਲ ਸਕੱਤਰ ਗੁਰਦੀਪ ਦਾਸ, ਰਣਧੀਰ ਸਿੰਘ, ਸੰਜੀਵ ਕਾਕੜਾ, ਜਸਵੀਰ ਸਿੰਘ ਤੇ ਸੁਖਦੇਵ ਸਿੰਘ ਨੇ ਕਿਹਾ ਕਿ 18 ਸਾਲਾਂ ਤੋਂ ਪਿੰਡਾਂ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਨਰੇਗਾ ਮੁਲਾਜ਼ਮਾਂ ਨੂੰ ਅੱਜ ਦੀ ਮੀਟਿੰਗ ਵਿੱਚ ਨਮੋਸ਼ੀ ਹੋਈ ਜਦੋਂ ਸ਼ਨੀਵਾਰ ਐਤਵਾਰ ਅਤੇ ਛੁੱਟੀ ਵਾਲੇ ਦਿਨ ਵੀ ਨਰੇਗਾ ਮੁਲਾਜ਼ਮਾਂ ਤੋਂ ਕੰਮ ਲੈਣ ਵਾਲੀ ਅਫ਼ਸਰਸ਼ਾਹੀ ਮੀਟਿੰਗ ਦੌਰਾਨ ਮੁਲਾਜ਼ਮਾਂ ਨੂੰ ਪੱਕਾ ਕਰਨ ਤੋਂ ਪੂਰੀ ਤਰ੍ਹਾਂ ਭੱਜ ਗਈ। ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਥਾਂ, 8 ਮਹੀਨਿਆਂ ਦੀ ਬਕਾਇਆ ਤਨਖ਼ਾਹ ਦੇਣ ਦੀ ਥਾਂ ਨੌਕਰੀ ਤੋਂ ਕੱਢ ਦੇਣ ਦੀਆਂ ਧਮਕੀਆਂ ਦੇਣ ਲੱਗੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਅਫ਼ਸਰਸ਼ਾਹੀ ਦੀਆਂ ਆਪ ਹੁਦਰੀਆਂ ਤੇ ਕੋਈ ਨਿਯੰਤਰਣ ਨਹੀਂ ਹੈ, ਅੱਜ ਦੀ ਮੀਟਿੰਗ ਵਿੱਚ ਵੀ ਪੰਚਾਇਤ ਮੰਤਰੀ ਆਪਣੇ ਵਿਭਾਗ ਦੀ ਅਫ਼ਸਰਸ਼ਾਹੀ ਸਾਹਮਣੇ ਬੇਵੱਸ ਨਜ਼ਰ ਆਏ। ਆਗੂਆਂ ਨੇ ਕਿਹਾ ਸਿਰਫ਼ ਨਰੇਗਾ ਹੀ ਨਹੀਂ ਪਿੰਡਾਂ ਦੇ ਵਿਕਾਸ ਨਾਲ ਸੰਬੰਧਿਤ ਹਰ ਤਰ੍ਹਾਂ ਦੇ ਵਾਧੂ ਕੰਮਾਂ ਵਿੱਚ ਵੀ ਨਰੇਗਾ ਮੁਲਾਜ਼ਮ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸਤੋਂ ਪਹਿਲਾਂ ਅਕਾਲੀ ਭਾਜਪਾ ਅਤੇ ਕਾਂਗਰਸ ਸਰਕਾਰ ਨੇ ਨਰੇਗਾ ਮੁਲਾਜ਼ਮਾਂ ਨੂੰ ਆਪਣੇ ਸਿਆਸੀ ਹਿੱਤਾਂ ਲਈ ਰੱਜ਼ ਕੇ ਇਸਤੇਮਾਲ ਕੀਤਾ ਸੀ ਅਤੇ ਹੁਣ ਮੌਜੂਦਾ ਸਰਕਾਰ ਜੋ ਨਰੇਗਾ ਮੁਲਾਜ਼ਮਾਂ ਨਾਲ ਪੱਕੇ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਸਰਕਾਰ ਵੀ ਮੁਲਾਜ਼ਮ ਵਿਰੋਧੀ ਸਰਕਾਰ ਸ਼ਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਆਪਣੀ ਜ਼ਿੰਦਗੀ ਦਾ ਸਭ ਤੋਂ ਕੀਮਤੀ ਸਮਾਂ ਨਰੇਗਾ ਲੇਖੇ ਲਾ ਚੁੱਕੇ ਮੁਲਾਜ਼ਮਾਂ ਨੂੰ ਅੱਜ ਮੰਤਰੀ ਸੌਂਦ ਨੇ ਵੀ ਕਿਹਾ ਕਿ ਹੜਤਾਲ ਖ਼ਤਮ ਕਰੋ ਨਹੀਂ ਤਾਂ ਤੁਹਾਨੂੰ ਕੱਢ ਕੇ ਨਵੀਂ ਭਰਤੀ ਕੀਤੀ ਜਾਵੇਗੀ। ਇਸ ਲਈ ਪੰਜਾਬ ਭਰ ਦੇ ਨਰੇਗਾ ਮੁਲਾਜ਼ਮਾਂ ਵਿੱਚ ਬੇਹੱਦ ਰੋਸ਼ ਦੀ ਲਹਿਰ ਦੌੜ ਗਈ। ਮੌਕੇ ਤੇ ਪੁੱਜੇ ਵੱਖ-ਵੱਖ ਜਿਲ੍ਹਿਆਂ ਦੇ ਆਗੂਆਂ ਨਾਲ ਮੀਟਿੰਗ ਕਰਨ ਤੋਂ ਬਾਅਦ ਸੰਘਰਸ਼ ਨੂੰ ਹੋਰ ਤਿੱਖਾ ਅਤੇ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਜਿਸ ਵਿੱਚ 15 ਜੁਲਾਈ ਨੂੰ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਖੰਨਾ ਰਿਹਾਇਸ਼ ਦਾ ਘਿਰਾਓ ਹਜ਼ਾਰਾਂ ਦਾ ਇਕੱਠ ਕਰਕੇ ਕੀਤਾ ਜਾਵੇਗਾ, ਰੋਸ ਰੈਲੀ ਕੱਢੀ ਜਾਵੇਗੀ। 12 ਜੁਲਾਈ ਨੂੰ ਮੁੱਖ ਮੰਤਰੀ ਬੰਗਲੌਰ ਤੋਂ ਵਾਪਸ ਆ ਚੁੱਕੇ ਹਨ। ਇਸ ਤੋਂ ਬਾਅਦ ਜਿੱਥੇ ਕਿਤੇ ਵੀ ਮੁੱਖ ਮੰਤਰੀ ਦਾ ਲੋਕ ਮਿਲਣੀ ਪ੍ਰੋਗਰਾਮ ਹੋਵੇਗਾ। ਉਸ ਵਿੱਚ ਜਾ ਕੇ ਨਰੇਗਾ ਮੁਲਾਜ਼ਮ ਮੁੱਖ ਮੰਤਰੀ ਪੰਜਾਬ ਨੂੰ ਸਵਾਲ ਕਰਨਗੇ। ਇਸ ਮੌਕੇ ਵੱਖ-ਵੱਖ ਜ਼ਿਲ੍ਹਿਆਂ ਦੇ ਵੱਡੀ ਗਿਣਤੀ ਵਿੱਚ ਆਗੂ ਸ਼ਾਮਲ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 6ਵਾਂ ਸੈਮੀਨਾਰ ਆਯੋਜਿਤ

## ਸ੍ਰੀ ਗੁਰੂ ਰਵਿਦਾਸ ਜੀ ਨੇ ਇਨਸਾਨੀਅਤ ਵਿਰੁੱਧ ਹੁੰਦੀ ਕਰੂਰਤਾ ਖ਼ਿਲਾਫ਼ ਅਵਾਜ਼ ਬੁਲੰਦ ਕੀਤੀ- ਸਤਨਾਮ ਮਾਣਕ

**ਕਪੂਰਥਲਾ, 13 ਜੁਲਾਈ ( ਕੌੜਾ )**-ਬਾਣੀ ਵਿਚਾਰ ਚੇਤਨਾ ਮੰਚ ਰਜਿ ਪੰਜਾਬ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ਼ੁਰੂ ਕੀਤੀ ਸੈਮੀਨਾਰਾਂ ਦੀ ਲੜੀ ਤਹਿਤ 6ਵਾਂ ਸੈਮੀਨਾਰ ਵਰਕਰਜ਼ ਕਲੱਬ ਰੇਲ ਕੋਚ ਫ਼ੈਕਟਰੀ ਕਪੂਰਥਲਾ ਵਿਖੇ ਉਘੇ ਕਹਾਣੀਕਾਰ ਮੋਹਨ ਲਾਲ ਫਿਲੌਰੀਆ ਦੀ ਪ੍ਰਧਾਨਗੀ ਵਿਚ ਆਲ ਇੰਡੀਆ ਐਸ.ਸੀ/ਐਸ. ਟੀ. ਰੇਲਵੇ ਇੰਪਲਾਈਜ਼ ਐਸੋਸੀਏਸ਼ਨ, ਸ੍ਰੀ ਗੁਰੂ ਰਵਿਦਾਸ ਸੇਵਕ ਸਭਾ, ਡਾ. ਬੀ. ਆਰ. ਅੰਬੇਡਕਰ ਸੁਸਾਇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਅਜੀਤ ਪ੍ਰਕਾਸ਼ਨ ਸਮੂਹ ਦੇ ਕਾਰਜਕਾਰੀ ਸੰਪਾਦਕ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਜਦੋਂ ਇਨਸਾਨ ਵਿਚੋਂ ਇਨਸਾਨੀਅਤ ਖ਼ਤਮ ਹੋ ਰਹੀ ਸੀ ਅਤੇ ਇਨਸਾਨ ਤੇ ਕਰੂਰਤਾ ਭਰਿਆ ਜ਼ੁਲਮ ਹੋ ਰਿਹਾ ਸੀ, ਉਸ ਵੇਲੇ ਸ੍ਰੀ ਗੁਰੂ ਰਵਿਦਾਸ ਜੀ ਨੇ ਇਨਸਾਨੀਅਤ ਵਿਰੁੱਧ ਹੁੰਦੀ ਕਰੂਰਤਾ ਖ਼ਿਲਾਫ਼ 650 ਸਾਲ ਪਹਿਲਾਂ ਅਵਾਜ਼ ਬੁਲੰਦ ਕੀਤੀ, ਜਿਸ ਦੀ ਹੂਕ ਰਾਜਿਆ ਮਹਾਰਾਜਿਆਂ, ਯੋਗੀਆਂ ਫ਼ਕੀਰਾਂ ਤੋਂ ਲੈ ਕੇ ਬੁਰਜੂਆਜ਼ੀ ਤਾਕਤਾਂ ਤੱਕ ਪੁੱਜੀ। ਅੱਜ ਵੀ ਉਸ ਸਮੇਂ ਵਾਂਗ ਇਨਸਾਨ ਨੂੰ ਇਨਸਾਨ ਨਾਲੋਂ ਵੰਡਣ ਤੇ ਇਨਸਾਨ ਤੇ ਪੱਖਪਾਤ ਕਰਕੇ ਜ਼ੁਲਮ ਕਰਨ ਦਾ ਕੋਈ ਬਹੁਤਾ ਫ਼ਰਕ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ



ਅਜੋਕੇ ਸਿੱਖ ਸਮਾਜ ਨੇ ਦਲਿਤ ਸਮਾਜ ਨੂੰ ਹਿੱਕ ਨਾਲ ਲਾਇਆ ਹੁੰਦਾ ਤਾਂ ਅੱਜ ਦਾ ਪੰਜਾਬ ਹੋਰ ਵੀ ਖੁਸ਼ਹਾਲ ਤੇ ਹੋਰ ਹੁੰਦਾ। ਇਸ ਵੇਲੇ ਆਪਣਾ ਮੁੱਖ ਪੇਪਰ ਪੜ੍ਹਦਿਆਂ ਕਮਲਾ ਨਹਿਰੂ ਕਾਲਜ ਫ਼ਾਰ ਵੁਮੈਨ ਦੇ ਸਹਾਇਕ ਪ੍ਰੋਫ਼ੈਸਰ ਡਾ. ਹਰਜਿੰਦਰ ਸਿੰਘ ਨੇ 'ਦਲਿਤ ਉਥਾਨ ਸ੍ਰੀ ਗੁਰੂ ਰਵਿਦਾਸ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ' ਵਿਸ਼ੇ ਤੇ ਪੜ੍ਹਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਦੀ ਬਾਣੀ ਮੌਲਿਕਤਾ ਨਾਲ ਭਰਪੂਰ ਹੈ। ਉਨ੍ਹਾਂ ਦੀ ਬਾਣੀ ਤੇ ਮਿਸ਼ਨ ਨੂੰ 10 ਗੁਰੂ ਸਾਹਿਬਾਨਾਂ ਨੇ ਪੂਰਾ ਸਮਰਥਨ ਦਿੱਤਾ। ਜਾਤ ਪਾਤ ਦੀ ਦਲ-ਦਲ ਵਿਚ ਧੱਕ ਚੁੱਕੇ ਸਮਾਜ ਨੂੰ ਜਿੱਥੇ ਦਸ ਗੁਰੂਆਂ ਨੇ ਕੱਢਣ ਲਈ ਬਾਣੀ ਦੀ ਰਚਨਾ ਕੀਤੀ, ਉੱਥੇ ਹੀ ਸ੍ਰੀ ਗੁਰੂ ਰਵਿਦਾਸ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਗਿਆ। ਸੈਮੀਨਾਰ ਦੇ ਵਿਸ਼ੇਸ਼ ਮਹਿਮਾਨ ਕ੍ਰਿਸ਼ਨ ਸਿੰਘ ਰਿਟਾ. ਚੀਫ਼ ਵਰਕਸ਼ਾਪ ਮੈਨੇਜਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਇਸ ਸੈਮੀਨਾਰ ਲੜੀ ਦੇ ਮੁੱਖ ਕੋਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਨੇ ਕਿਹਾ ਕਿ ਬਾਣੀ ਦੀ ਜੋਤ ਜਗਦੀ ਰਹਿਣੀ ਚਾਹੀਦੀ ਹੈ, ਸਾਡਾ ਮੰਚ ਜਿੱਥੇ ਹੁਣ ਸ੍ਰੀ ਗੁਰੂ ਰਵਿਦਾਸ ਜੀ ਤੇ ਸੈਮੀਨਾਰ ਕਰਵਾ ਰਿਹਾ ਹੈ। ਉੱਥੇ ਗੁਰੂ ਸਾਹਿਬਾਨਾਂ ਸਬੰਧੀ ਵੀ ਅਕਾਦਮਿਕ ਸੈਮੀਨਾਰ ਕਰਾਉਣ ਦਾ ਫ਼ੈਸਲਾ ਕਰ ਚੁੱਕਿਆ ਹੈ। ਪ੍ਰਬੁੱਧ ਵਿਦਵਾਨ ਡਾ. ਗੁਰਮੀਤ ਕੱਲਰਮਾਜਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਤੇ ਮਿਸ਼ਨ ਨੂੰ ਸਮਝਣ ਲਈ ਸਾਨੂੰ ਅਕਾਦਮਿਕ ਖੋਜਾਂ ਵੱਲ ਜ਼ਿਆਦਾ ਤਵੱਜੋ ਦੇਣੀ ਚਾਹੀਦੀ ਹੈ। ਇਸ ਕਪੂਰਥਲਾ ਸੈਮੀਨਾਰ ਦੇ ਕੋਆਰਡੀਨੇਟਰ ਇੰਜੀਨੀਅਰ ਜੀਤ ਸਿੰਘ ਨੇ ਪੰਜਾਬ ਭਰ ਵਿਚ ਹੋ ਰਹੇ ਸੈਮੀਨਾਰਾਂ ਨੂੰ ਹਰ ਮਦਦ ਦੇਣ ਦਾ ਐਲਾਨ ਕੀਤਾ। ਇਸ ਵੇਲੇ ਗੋਬਿੰਦਰ ਸਿੰਘ ਪਟਿਆਲਾ, ਪ੍ਰੋ. ਲਾਲ ਬਹਾਦਰ ਭਾਟੀਆ, ਹਰਬੰਸ ਸਿੰਘ, ਨਰੇਸ਼ ਕੁਮਾਰ, ਜਸਵਿੰਦਰ ਸਿੰਘ, ਕ੍ਰਿਸ਼ਨ ਲਾਲ ਜੱਸਲ, ਕਸ਼ਮੀਰ ਸਿੰਘ, ਆਰ. ਸੀ. ਮੀਨਾ, ਦੇਸ ਰਾਜ, ਅਮਰਜੀਤ ਸਿੰਘ ਰੁੜਕੀ, ਐਕਸੀਅਨ ਮਨਜੀਤ ਸਿੰਘ, ਰਣਜੀਤ ਸਿੰਘ, ਸੰਧੂਰਾ ਸਿੰਘ, ਜਸਪਾਲ ਚੌਹਾਨ, ਵੇਦ ਪ੍ਰਕਾਸ਼, ਜਗਜੀਵਨ ਰਾਮ, ਕਰਮਜੀਤ ਸਿੰਘ ਮੱਟੂ, ਕਰਨ ਸਿੰਘ, ਬੀਰ ਸਿੰਘ, ਅਰਵਿੰਦ ਪ੍ਰਸਾਦ, ਦਰਸ਼ਨ ਲਾਲ, ਸਰਬਜੀਤ ਸਿੰਘ, ਰਾਜਕੁਮਾਰ, ਕਮਲਾਵਤੀ ਤੋਂ ਇਲਾਵਾ ਭਾਰਤੀ ਸਮਾਜ ਨਿਰਮਾਣ ਸੰਘ ਅਤੇ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਵੈਲਫੇਅਰ ਸੁਸਾਇਟੀ ਸਮੂਹ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

# ਸਤਲੁਜ ਦਰਿਆ 'ਤੇ ਨਵੇਂ ਪੁਲ ਦੀ ਉਸਾਰੀ ਕਾਰਨ ਪੁਰਾਣਾ ਹੈੱਡ ਪੁਲ ਮੁਕੰਮਲ ਬੰਦ; ਰਾਹਗੀਰਾਂ ਨੂੰ ਨਵੇਂ ਬਾਈਪਾਸ ਦੀ ਵਰਤੋਂ ਕਰਨ ਦੀ ਅਪੀਲ

**ਬਲਾਚੌਰ , 13 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ)** : ਨੈਸ਼ਨਲ ਹਾਈਵੇ ਨੇੜੇ ਸਥਿਤ ਪ੍ਰਸਿੱਧ ਗੁਰੂ ਗੁਰਦੁਆਰਾ ਟਿੱਬੀ ਸਾਹਿਬ ਦੇ ਕੋਲੋਂ ਲੰਘਦੇ ਸਤਲੁਜ ਦਰਿਆ 'ਤੇ ਇਸ ਵੇਲੇ ਇੱਕ ਵੱਡੇ ਪੁਲ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਇਸ ਮਹੱਤਵਪੂਰਨ ਪ੍ਰੋਜੈਕਟ ਦੇ ਚੱਲਦਿਆਂ ਪੁਰਾਣੇ ਹੈੱਡ ਵਾਲੇ ਪੁਲ ਦੇ ਕੋਲ ਬਹੁਤ ਵੱਡੇ ਪੱਧਰ 'ਤੇ ਪੱਟ-ਪਟਾਈ ਕੀਤੀ ਗਈ ਹੈ ਅਤੇ ਥਾਂ-ਥਾਂ ਰੇਤੇ ਤੇ ਮਿੱਟੀ ਦੇ ਵਿਸ਼ਾਲ ਢੇਰ ਲੱਗੇ ਹੋਏ ਹਨ। ਇਸ ਭਾਰੀ ਖੁਦਾਈ ਅਤੇ ਉਸਾਰੀ ਕਾਰਨ ਇਹ ਰੋਡ ਪਿਛਲੇ ਇੱਕ-ਦੋ ਦਿਨਾਂ ਤੋਂ ਆਵਾਜਾਈ ਲਈ ਪੂਰੀ ਤਰ੍ਹਾਂ ਬੰਦ ਹੈ। ਜਿਸ ਰਫ਼ਤਾਰ ਅਤੇ ਵੱਡੇ ਪੱਧਰ 'ਤੇ ਇੱਥੇ ਕੰਮ ਚੱਲ ਰਿਹਾ ਹੈ, ਉਸ ਨੂੰ ਦੇਖਦਿਆਂ ਇਹ ਸਾਫ਼ ਨਜ਼ਰ ਆ ਰਿਹਾ ਹੈ ਕਿ ਇਹ ਰਸਤਾ ਅਜੇ ਲੰਬੇ ਸਮੇਂ ਲਈ ਬੰਦ ਰਹੇਗਾ। ਦੱਸਣਯੋਗ ਹੈ ਕਿ ਇਹ ਰੋਡ ਭੂਗੋਲਿਕ ਅਤੇ ਆਵਾਜਾਈ ਦੇ ਲਿਹਾਜ਼ ਨਾਲ ਬੇਹੱਦ ਅਹਿਮ ਹੈ, ਕਿਉਂਕਿ ਇਹ ਸਤਲੁਜ ਦਰਿਆ ਦੇ ਰੋਪੜ ਵਾਲੇ ਪਾਸੇ ਤੋਂ ਇੱਧਰ ਜ਼ਿਲ੍ਹਾ ਸ਼ਹੀਦ



ਭਗਤ ਸਿੰਘ ਨਗਰ (ਨਵਾਂਸ਼ਹਿਰ) ਨੂੰ ਆਪਸ ਵਿੱਚ ਜੋੜਦਾ ਹੈ ਅਤੇ ਦੂਜੇ ਪਾਸੇ ਇਹ ਰਸਤਾ ਨੂਰਪੁਰ ਬੇਦੀ ਸਾਈਡ ਦੇ ਝੱਜ ਚੌਂਕ ਵੱਲ ਨਿਕਲਦਾ ਹੈ। ਇਸ ਅਹਿਮ ਰਸਤੇ ਦੇ ਬੰਦ ਹੋਣ ਕਾਰਨ ਇਲਾਕੇ ਦਾ ਆਪਸੀ ਸੰਪਰਕ ਬਿਲਕੁਲ ਟੁੱਟ ਚੁੱਕਾ ਹੈ।ਪੁਰਾਣੇ ਹੈੱਡ ਪੁਲ ਤੋਂ ਸੰਪਰਕ ਪੂਰੀ ਤਰ੍ਹਾਂ ਟੁੱਟ ਜਾਣ ਕਰਕੇ ਆਮ ਲੋਕਾਂ, ਖਾਸ ਕਰਕੇ ਮੋਟਰਸਾਈਕਲ ਸਵਾਰਾਂ, ਕਾਰਾਂ ਅਤੇ ਹੋਰ ਗੱਡੀਆਂ ਵਾਲੇ ਰਾਹਗੀਰਾਂ ਨੂੰ ਪੁਰਾਣੇ ਰਸਤੇ ਵੱਲ ਨਾ ਜਾਣ ਦੀ ਅਪੀਲ ਕੀਤੀ ਗਈ ਹੈ। ਪ੍ਰਸ਼ਾਸਨ ਅਤੇ ਸਥਾਨਕ ਸੂਤਰਾਂ ਵੱਲੋਂ ਲੋਕਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਖੱਜਲ-ਖੁਆਰੀ ਤੋਂ ਬਚਣ ਲਈ ਇਸ ਪੁਰਾਣੇ ਰਸਤੇ ਦੀ ਬਜਾਏ, ਕੋਲ ਹੀ ਬਣੇ ਨਵੇਂ ਬਾਈਪਾਸ ਦੀ ਵਰਤੋਂ ਕਰਨ ਤਾਂ ਜੋ ਬਿਨਾਂ ਕਿਸੇ ਪਰੇਸ਼ਾਨੀ ਦੇ ਆਪਣੀ ਮੰਜ਼ਿਲ 'ਤੇ ਪਹੁੰਚ ਸਕਣ।

# ਮਹਿਲ ਕਲਾਂ ਵਿੱਚ 'ਹਰ ਪਿੰਡ ਹਰ ਘਰ' ਕਾਂਗਰਸ ਦੀ ਡੋਰ-ਟੂ-ਡੋਰ ਮੁਹਿੰਮ ਨੂੰ ਮਿਲਿਆ ਭਰਵਾਂ ਹੁੰਗਾਰਾ

**ਮਹਿਲ ਕਲਾਂ, 13 ਜੁਲਾਈ:ਗੁਰਭਿੰਦਰ ਗੁਰੀ )** ਹਲਕਾ ਮਹਿਲ ਕਲਾਂ ਵਿੱਚ ਕਾਂਗਰਸ ਪਾਰਟੀ ਵੱਲੋਂ "ਹਰ ਪਿੰਡ ਹਰ ਘਰ ਕਾਂਗਰਸ ਤੁਹਾਡੇ ਵਿਹੜੇ" ਮੁਹਿੰਮ ਤਹਿਤ ਡੋਰ-ਟੂ-ਡੋਰ ਜਨਸੰਪਰਕ ਅਭਿਆਨ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਹਲਕਾ ਮਹਿਲ ਕਲਾਂ ਤੋਂ ਕਾਂਗਰਸ ਦੇ ਆਗੂ ਬੰਨੀ ਖੇੜਾ ਨੇ ਪਿੰਡ ਰਾਹੋਂਵਾਲ ਵਿੱਚ ਘਰ-ਘਰ ਜਾ ਕੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਬੰਨੀ ਖੇੜਾ ਨੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਹਰ ਘਰ ਤੱਕ ਪਹੁੰਚ ਕੇ ਲੋਕਾਂ ਨਾਲ ਸਿੱਧਾ ਸੰਵਾਦ ਕਰਨਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਮਝਣਾ ਹੈ। ਉਨ੍ਹਾਂ ਭਰੋਸਾ



ਦਿੱਤਾ ਕਿ ਲੋਕਾਂ ਦੇ ਹੱਕਾਂ ਦੀ ਆਵਾਜ਼ ਨੂੰ ਹਰ ਪੱਧਰ 'ਤੇ ਬੁਲੰਦ ਕੀਤਾ ਜਾਵੇਗਾ ਅਤੇ ਜਨਤਾ ਦੇ ਮਸਲਿਆਂ ਦੇ ਹੱਲ ਲਈ ਪੂਰੀ ਵਚਨਬੱਧਤਾ ਨਾਲ ਕੰਮ ਕੀਤਾ ਜਾਵੇਗਾ।

ਪਿੰਡ ਵਾਸੀਆਂ ਨੇ ਵੀ ਆਪਣੀਆਂ ਸਮੱਸਿਆਵਾਂ ਅਤੇ ਸੁਝਾਅ ਸਾਂਝੇ ਕੀਤੇ, ਜਿਨ੍ਹਾਂ ਨੂੰ ਧਿਆਨ ਨਾਲ ਸੁਣਿਆ ਗਿਆ। ਇਸ ਦੌਰਾਨ ਕਾਂਗਰਸੀ ਵਰਕਰ ਵੀ ਵੱਡੀ ਗਿਣਤੀ ਵਿੱਚ ਮੌਜੂਦ ਰਹੇ ਅਤੇ ਉਨ੍ਹਾਂ ਨੇ ਲੋਕਾਂ ਨੂੰ ਪਾਰਟੀ ਦੀਆਂ ਨੀਤੀਆਂ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ।ਕਾਂਗਰਸ ਆਗੂਆਂ ਨੇ ਕਿਹਾ ਕਿ ਇਹ ਜਨਸੰਪਰਕ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਹਲਕੇ ਦੇ ਹਰ ਪਿੰਡ ਤੱਕ ਪਹੁੰਚੇਗੀ ਤਾਂ ਜੋ ਹਰ ਪਰਿਵਾਰ ਨਾਲ ਸਿੱਧਾ ਸੰਪਰਕ ਬਣਾਇਆ ਜਾ ਸਕੇ ਅਤੇ ਲੋਕਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਠਾਇਆ ਜਾ ਸਕੇ।

# ਐਲ.ਬੀ.ਸੀ.ਟੀ. ਟੀਮ ਵਿੱਚ ਵਾਧਾ : ਢੋਸੀਵਾਲ

## ਮੋਂਗਾ ਬਣੇ ਨਵੇਂ ਮੈਂਬਰ




**ਫ਼ਰੀਦਕੋਟ (ਸ਼ਿਵਨਾਥ)** ਕਰੀਬ ਪਿਛਲੇ ਸਾਢੇ ਤਿੰਨ ਦਹਾਕੇ ਤੋਂ ਇਲਾਕੇ ਦੀ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਆਪਣੇ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਸਮਾਜ ਸੇਵਾ ਦੇ ਕਾਰਜਾਂ ਵਿੱਚ ਨਿੱਤ ਨਵੀਆਂ ਪੈੜਾਂ ਛੱਡ ਰਹੀ ਹੈ। ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਕਰਨਾ, ਮੁਫਤ ਕਟਾਈ ਸਿਲਾਈ ਸੈਂਟਰ ਖੋਲ੍ਹ ਕੇ ਲੜਕੀਆਂ ਨੂੰ ਸਵੈ-ਰੁਜਗਾਰ ਸੰਪਨ ਬਨਾਉਣਾ, ਵੱਖ-ਵੱਖ ਖੇਤਰਾਂ ਵਿੱਚ ਮੱਲ੍ਹਾਂ ਮਾਰਨ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕਰਨਾ, ਸ਼ਾਨਦਾਰ ਨਤੀਜੇ ਦੇਣ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕਰਨਾ, ਔਰਤਾਂ ਦੀ ਹੌਂਸਲਾ ਅਫਜਾਈ ਕਰਨੀ ਅਤੇ ਧਾਰਮਿਕ ਮਹਾਂ ਪੁਰਸ਼ਾਂ ਦੇ ਦਿਨ ਤਿਉਹਾਰ ਸਾਂਝੇ ਤੌਰ ’ਤੇ ਮਨਾਉਣ ਆਦਿ ਵਰਗੇ ਮੁਢਲੇ ਅਤੇ ਮੁੱਖ ਕੰਮ ਟਰੱਸਟ ਵੱਲੋਂ ਕੀਤੇ ਜਾਂਦੇ ਹਨ। ਦਸ ਕੁ ਸਾਲ ਪਹਿਲਾਂ ਟਰੱਸਟ ਦੀ ਜਿਲ੍ਹਾ ਪੱਧਰੀ ਇਕਾਈ ਕਾਇਮ ਕੀਤੀ ਗਈ ਸੀ। ਇਸ ਮੌਕੇ ਟਰੱਸਟ ਦੀ ਚੀਫ ਪੈਟਰਨ ਮੈਡਮ ਹੀਰਾਵਤੀ ਨਾਇਬ ਤਹਿਸੀਲਦਾਰ (ਰ), ਚੇਅਰਮੈਨ ਡਾ. ਹਰਪਾਲ ਸਿੰਘ ਭਾਰਦਵਾਜ ਸੇਵਾ ਮੁਕਤ ਸੀਨੀਅਰ ਫਾਰਮੇਸੀ ਅਫਸਰ, ਜਿਲ੍ਹਾ ਪ੍ਰਧਾਨ ਡੀ.ਪੀ.ਐੱਸ. ਭੋਲਾ ਸੇਵਾ ਮੁਕਤ ਸੁਪਰਡੈਂਟ ਅਤੇ ਇੰਸ. ਰਮੇਸ਼ ਕੁਮਾਰ ਬਾਰੋਲੀਆ ਸੇਵਾ ਮੁਕਤ ਪੁਲਿਸ ਅਧਿਕਾਰੀ, ਸ੍ਰੀ ਕ੍ਰਿਸ਼ਨ ਆਰ.ਏ. (ਰ), ਨਿਰਮਲ ਸਿੰਘ ਸੰਧੂ ਸੇਵਾ ਮੁਕਤ ਮੈਨੇਜਰ ਅਤੇ ਪ੍ਰੈਸ ਸਕੱਤਰ ਸ਼ਿਵ ਨਾਥ ਦਰਦੀ ਅਤੇ ਹੋਰਨਾਂ 'ਤੇ ਅਧਾਰਿਤ ਸਮੁੱਚੀ ਜਿਲ੍ਹਾ ਟੀਮ ਵੱਲੋਂ ਸਮਾਜ ਸੇਵਾ ਦੇ ਕਾਰਜ ਬਾਖੂਬੀ ਨਿਭਾਏ ਜਾ ਰਹੇ ਹਨ। ਇਨ੍ਹਾਂ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਟਰੱਸਟ ਵਿੱਚ ਨਵੇਂ ਮੈਂਬਰ ਜੁੜ ਰਹੇ ਹਨ। ਇਸੇ ਲੜੀ ਅਧੀਨ ਅੱਜ ਸਥਾਨਕ ਨਿੱਜੀ ਹੋਟਲ ਵਿਖੇ ਹੋਏ ਇਕ ਸਧਾਰਨ ਪ੍ਰੰਤੂ ਪ੍ਰਭਾਵਸ਼ਾਲੀ ਵਿੱਚ ਸ਼ਹਿਰ ਦੇ ਨੌਜਵਾਨ ਸਮਾਜ ਸੇਵਕ ਰਮਨਦੀਪ ਮੋਂਗਾ ਟਰੱਸਟ ਦੇ ਨਵੇਂ ਮੈਂਬਰ ਬਣੇ। ਇਸ ਮੌਕੇ ਸਮੂਹ ਟਰੱਸਟ ਆਗੂਆਂ ਵੱਲੋਂ ਸ੍ਰੀ ਮੋਂਗਾ ਦਾ ਹਾਰ ਪਾ ਕੇ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸੰਸਥਾ ਵਿੱਚ ਸ਼ਾਮਲ ਹੋਣ ’ਤੇ ਵਧਾਈ ਦਿੱਤੀ। ਇਸ ਮੌਕੇ ਸੰਸਥਾਪਕ ਸ੍ਰੀ ਢੋਸੀਵਾਲ ਨੇ ਕਿਹਾ ਕਿ ਟਰੱਸਟ ਦੀ ਵਧੀਆ ਟੀਮ ਵਿੱਚ ਇੱਕ ਹੋਰ ਮੈਂਬਰ ਦੇ ਸ਼ਾਮਲ ਹੋਣ ਨਾਲ ਉਨ੍ਹਾਂ ਦੀ ਸਮੁੱਚੀ ਨੂੰ ਹੋਰ ਵੀ ਸ਼ਕਤੀ ਮਿਲੇਗੀ। ਇਸ ਮੌਕੇ ਟਰੱਸਟ ਦੇ ਉਕਤ ਆਗੂਆਂ ਤੋਂ ਇਲਾਵਾ ਉੱਘੀ ਇਸਤਰੀ ਸਮਾਜ ਸੇਵਕਾ ਅਤੇ ਸੰਸਥਾਪਕ ਮੈਂਬਰਾਂ ਵਿਚੋਂ ਮੈਡਮ ਸੁਖਵਿੰਦਰ ਕੌਰ ਸੁੱਖੀ ਵੀ ਮੌਜੂਦ ਸਨ। ਟਰੱਸਟ ਵਿਚ ਸ਼ਾਮਲ ਹੋਣ ਉਪਰੰਤ ਸ੍ਰੀ ਮੋਂਗਾ ਨੇ ਕਿਹਾ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਟਰੱਸਟ ਦੀਆਂ ਗਤੀਵਿਧੀਆਂ ਅਤੇ ਸਮਾਜ ਸੇਵਾ ਦੇ ਕਾਰਜਾਂ ਤੋਂ ਜਾਣੂ ਹਨ ਜਿਸ ਤੋਂ ਉਹ ਬਹੁਤ ਜ਼ਿਆਦਾ ਪ੍ਰਭਾਵਿਤ ਹਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਆਪਣੇ ਜਿੰਮੇ ਲੱਗੀ ਹਰ ਤਰ੍ਹਾਂ ਦੀ ਜਿੰਮੇਵਾਰੀ ਨੂੰ ਬਾਖੂਬੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਕਤ ਜਾਣਕਾਰੀ ਦਿੰਦੇ ਹੋਏ ਢੋਸੀਵਾਲ ਨੇ ਦੱਸਿਆ ਹੈ ਕਿ ਸ੍ਰੀ ਮੋਂਗਾ ਅਤੇ ਟਰੱਸਟ ਵਿਚ ਸ਼ਾਮਲ ਹੋਣ ਵਾਲੇ ਹੋਰ ਨਵੇਂ ਮੈਂਬਰਾਂ ਦਾ ਜਲਦੀ ਹੀ ਰਸਮੀ ਸਵਾਗਤ ਕੀਤਾ ਜਾਵੇਗਾ।

for more news visit:
www.samajweekly.com

# ਕਾਮਰੇਡ ਸੇਖੋਂ ਵੱਲੋਂ ਮੁੱਖ ਮੰਤਰੀ ਨੂੰ ਖ਼ਤ

## ਛਪਾਰ ਤੋਂ ਲੋਹਟਬੱਦੀ ਸੜਕ ਦਾ ਨਾਂ ਆਜ਼ਾਦੀ ਘੁਲਾਟੀਏ ਕਾਮਰੇਡ ਹਰਨਾਮ ਸਿੰਘ ਚਮਕ ਦੇ ਨਾਂ 'ਤੇ ਰੱਖਣ ਦੀ ਮੰਗ



**ਰਾਏਕੋਟ, 13 ਜੁਲਾਈ( ਗੁਰਭਿੰਦਰ ਗੁਰੀ ):** ਸੀਪੀਆਈ(ਐਮ) ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਖ਼ਤ ਲਿਖ ਕੇ ਛਪਾਰ ਤੋਂ ਲੋਹਟਬੱਦੀ ਤੱਕ ਸੜਕ ਦਾ ਨਾਂ ਉੱਘੇ ਆਜ਼ਾਦੀ ਘੁਲਾਟੀਏ ਅਤੇ ਮਹਾਨ ਦੇਸ਼ ਭਗਤ ਕਾਮਰੇਡ ਹਰਨਾਮ ਸਿੰਘ ਚਮਕ ਦੇ ਨਾਂ 'ਤੇ ਰੱਖਣ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਕਾਮਰੇਡ ਹਰਨਾਮ ਸਿੰਘ ਚਮਕ ਇਲਾਕੇ ਦੇ ਪ੍ਰਸਿੱਧ ਦੇਸ਼ ਭਗਤ ਆਜ਼ਾਦੀ ਘੁਲਾਟੀਏ ਸਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ 19 ਸਾਲ 2 ਮਹੀਨੇ ਕੈਦ ਕੱਟੀ ਅਤੇ 18 ਸਾਲ ਜਲਾਵਤਨ ਰਹੇ। ਉਨ੍ਹਾਂ ਕਿਹਾ ਕਿ ਕਾਮਰੇਡ ਹਰਨਾਮ ਸਿੰਘ ਚਮਕ ਦਾ ਘਰ ਗ਼ਦਰ ਪਾਰਟੀ ਦਾ ਮੁੱਖ ਅੱਡਾ ਪਨਾਹਗਾਹ ਸੀ। ਇੱਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਆਉਣਾ ਜਾਣਾ ਸੀ। ਲੋਹਟਬੱਦੀ ਵਿਖੇ ਬੰਬ ਫੈਕਟਰੀ ਵੀ ਕਾਮਰੇਡ ਹਰਨਾਮ ਸਿੰਘ ਚਮਕ ਦੇ ਪਰਿਵਾਰ ਦੇ ਕਹਿਣ 'ਤੇ ਲਗਾਈ ਗਈ ਸੀ। ਕਾਮਰੇਡ ਚਮਕ ਦਾ ਸਾਰਾ ਪਰਿਵਾਰ ਹੀ ਗ਼ਦਰ ਪਾਰਟੀ ਵਿੱਚ ਸ਼ਾਮਿਲ ਸੀ। ਜਿਸ ਵਕਤ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਗ੍ਰਿਫ਼ਤਾਰੀ ਹੋਈ ਤਾਂ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨੂੰ ਜੇਲ੍ਹ ਤੋਂ ਛੁਡਵਾਉਣ ਅਤੇ ਕੇਸ ਲੜਨ ਲਈ ਪੈਸਿਆਂ ਦਾ ਪ੍ਰਬੰਧ ਕਰਨ ਲਈ ਰੇਲ ਗੱਡੀ ਵਿੱਚ ਖ਼ਜ਼ਾਨੇ ਨੂੰ ਲੁੱਟਣ ਦੀ ਸਕੀਮ ਬਣਾਈ ਗਈ, ਜਿਸ ਨੂੰ ਇਤਿਹਾਸ ਵਿੱਚ ਅਹਿਮਦਗੜ੍ਹ ਰੇਲ ਡਕੈਤੀ ਕੇਸ ਕਿਹਾ ਜਾਂਦਾ ਹੈ। ਇਸ ਕੇਸ ਵਿੱਚ ਕਾਮਰੇਡ ਹਰਨਾਮ ਸਿੰਘ ਚਮਕ ਨੂੰ 10 ਸਾਲ ਦੀ ਕੈਦ ਹੋਈ। ਉਹ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਵੀ ਬਣੇ। ਕਾਮਰੇਡ ਸੇਖੋਂ ਨੇ ਕਿਹਾ ਕਿ ਕਾਮਰੇਡ ਹਰਨਾਮ ਸਿੰਘ ਚਮਕ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਵੱਡਾ ਯੋਗਦਾਨ ਪਾਇਆ ਅਤੇ ਦੇਸ਼ ਨੂੰ ਗ਼ੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਵਾਇਆ। ਉਨ੍ਹਾਂ ਨੇ ਸਾਰੀ ਉਮਰ ਦੱਬੇ ਕੁਚਲੇ ਲੋਕਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਕਾਮਰੇਡ ਸੇਖੋਂ ਨੇ ਮੰਗ ਕੀਤੀ ਕਿ ਛਪਾਰ ਤੋਂ ਲੋਹਟਬੱਦੀ ਤੱਕ 10 ਕਿਲੋਮੀਟਰ ਸੜਕ ਦਾ ਨਾਂ ਕਾਮਰੇਡ ਹਰਨਾਮ ਸਿੰਘ ਚਮਕ ਦੇ ਨਾਂ ਤੇ ਰੱਖਿਆ ਜਾਵੇ। ਆਉਣ ਵਾਲੀ ਪੀੜ੍ਹੀ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਮਿਲੇਗੀ। ਇਹ ਕਾਮਰੇਡ ਹਰਨਾਮ ਸਿੰਘ ਚਮਕ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਪੱਤਰਕਾਰਾਂ ਦੀ ਏਕਤਾ ਹੀ ਸਾਡੀ ਸਭ ਤੋਂ ਵੱਡੀ ਤਾਕਤ, ਹੱਕਾਂ ਦੀ ਪ੍ਰਾਪਤੀ ਲਈ ਇਕਜੁੱਟ ਹੋਣਾ ਸਮੇਂ ਦੀ ਲੋੜ: ਮਨਜਿੰਦਰ ਸਿੰਘ



**ਬੰਗਾ, 13 ਜੁਲਾਈ (ਚਰਨਜੀਤ ਸੱਲ੍ਹਾ):** ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਸਬ ਡਿਵੀਜ਼ਨ ਬੰਗਾ ਦੀ ਅਹਿਮ ਮੀਟਿੰਗ ਸਬ ਡਿਵੀਜ਼ਨ ਪ੍ਰਧਾਨ ਮਨਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪੱਤਰਕਾਰਾਂ ਦੀ ਏਕਤਾ, ਪ੍ਰੈਸ ਦੀ ਆਜ਼ਾਦੀ, ਪੱਤਰਕਾਰਾਂ ਦੀ ਸੁਰੱਖਿਆ, ਭਲਾਈ ਸਕੀਮਾਂ ਅਤੇ ਯੂਨੀਅਨ ਨੂੰ ਹੋਰ ਮਜ਼ਬੂਤ ਬਣਾਉਣ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਜ਼ਿਲ੍ਹਾ ਐਸ.ਬੀ.ਐਸ. ਨਗਰ ਦੇ ਚੇਅਰਮੈਨ ਚੇਤ ਰਾਮ ਰਤਨ ਅਤੇ ਜ਼ਿਲ੍ਹਾ ਜਨਰਲ ਸਕੱਤਰ ਨਵਕਾਂਤ ਭਰੋਮਜਾਰਾ ਨੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਸਬ ਡਿਵੀਜ਼ਨ ਬੰਗਾ ਇਕਾਈ ਵੱਲੋਂ ਪੱਤਰਕਾਰ ਭਾਈਚਾਰੇ ਦੀ ਭਲਾਈ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਅਤੇ ਮੈਂਬਰਾਂ ਦੀ ਆਪਸੀ ਏਕਤਾ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇੱਕ ਮਜ਼ਬੂਤ ਅਤੇ ਸੰਗਠਿਤ ਯੂਨੀਅਨ ਹੀ ਪੱਤਰਕਾਰਾਂ ਦੇ ਹੱਕਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਰੱਖਿਆ ਕਰ ਸਕਦੀ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਸਬ ਡਿਵੀਜ਼ਨ ਪ੍ਰਧਾਨ ਮਨਜਿੰਦਰ ਸਿੰਘ ਨੇ ਕਿਹਾ ਕਿ ਪੱਤਰਕਾਰਤਾ ਸਿਰਫ਼ ਖ਼ਬਰਾਂ ਇਕੱਠੀਆਂ ਕਰਨ ਜਾਂ ਪ੍ਰਕਾਸ਼ਿਤ ਕਰਨ ਦਾ ਕੰਮ ਨਹੀਂ, ਸਗੋਂ ਲੋਕਤੰਤਰ ਦਾ ਚੌਥਾ ਥੰਮ੍ਹ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਡਿਜੀਟਲ ਯੁੱਗ ਵਿੱਚ ਪੱਤਰਕਾਰਾਂ ਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਕਈ ਗੁਣਾ ਵੱਧ ਗਈ ਹੈ। ਸਨਸਨੀ ਫੈਲਾਉਣ ਦੀ ਬਜਾਏ ਸੱਚਾਈ, ਨਿਰਪੱਖਤਾ ਅਤੇ ਲੋਕ-ਹਿੱਤ ਨੂੰ ਤਰਜੀਹ ਦੇਣਾ ਹਰ ਪੱਤਰਕਾਰ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਯੂਨੀਅਨ ਹਰ ਉਸ ਪੱਤਰਕਾਰ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਰਹੇਗੀ, ਜਿਸ ਨੂੰ ਆਪਣੇ ਪੇਸ਼ਾਵਰ ਫ਼ਰਜ਼ ਨਿਭਾਉਂਦੇ ਸਮੇਂ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਜਾਂ ਦਬਾਅ ਦਾ ਸਾਹ-ਮਣਾ ਕਰਨਾ ਪਵੇ।

ਮੀਟਿੰਗ ਦੌਰਾਨ ਪੱਤਰਕਾਰਾਂ ਦੀਆਂ ਮੰਗਾਂ ਸਬੰਧੀ ਮਤੇ ਵੀ ਪਾਸ ਕੀਤੇ ਗਏ। ਇਨ੍ਹਾਂ ਵਿੱਚ ਪੰਜਾਬ ਵਿੱਚ ਪੱਤਰਕਾਰਾਂ ਦੀ ਸੁਰੱਖਿਆ ਲਈ ਪ੍ਰਭਾਵਸ਼ਾਲੀ ਕਾਨੂੰਨ ਬਣਾਉਣ, ਸਿਹਤ ਅਤੇ ਦੁਰਘਟਨਾ ਬੀਮਾ ਯੋਜਨਾਵਾਂ ਨੂੰ ਮਜ਼ਬੂਤ ਕਰਨ, ਪੱਤਰਕਾਰ ਕਲਿਆਣ ਫੰਡ ਨੂੰ ਪ੍ਰਭਾਵਸ਼ਾਲੀ ਬਣਾਉਣ, ਐਕਰੀਡੇਸ਼ਨ ਪ੍ਰਕਿਰਿਆ ਨੂੰ ਸਰਲ ਅਤੇ ਪਾਰਦਰਸ਼ੀ ਬਣਾਉਣ, ਜ਼ਿਲ੍ਹਾ ਅਤੇ ਸਬ ਡਿਵੀਜ਼ਨ ਪੱਧਰ 'ਤੇ ਮੀਡੀਆ ਸੈਂਟਰਾਂ ਦੀਆਂ ਸਹੂਲਤਾਂ ਵਿੱਚ ਸੁਧਾਰ ਕਰਨ, ਪੱਤਰਕਾਰਾਂ ਲਈ ਨਿਯਮਿਤ ਟ੍ਰੇਨਿੰਗ ਅਤੇ ਫੈਕਟ-ਚੈਕਿੰਗ ਵਰਕਸ਼ਾਪਾਂ ਕਰਵਾਉਣ, ਸਰਕਾਰੀ ਵਿਭਾਗਾਂ ਵੱਲੋਂ ਜਾਣਕਾਰੀ ਸਮੇਂ ਸਿਰ ਉਪਲਬਧ ਕਰਵਾਉਣ, ਪੱਤਰਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਪੱਤਰਕਾਰਾਂ ਲਈ ਕਾਨੂੰਨੀ ਸਹਾਇਤਾ ਉਪਲਬਧ ਕਰਵਾਉਣ ਵਰਗੀਆਂ ਮੰਗਾਂ ਸ਼ਾਮਲ ਸਨ।

ਵੱਖ-ਵੱਖ ਬੁਲਾਰਿਆਂ ਸੁਰਿੰਦਰ ਸਿੰਘ ਕਰਮ ਸਰਪ੍ਰਸਤ, ਧਰਮਵੀਰ ਪਾਲ, ਜਨਰਲ ਸਕੱਤਰ ,ਨਰਿੰਦਰ ਮਾਹੀ ਸੀਨੀਅਰ ਵਾਈਸ ਪ੍ਰਧਾਨ ,ਮਨੀਸ਼ ਚੁਘ ਕੈਸ਼ੀਅਰ ,ਅਵਤਾਰ ਕਲੇਰ, ਮੀਨਾਕਸ਼ੀ, ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਪੱਤਰਕਾਰਾਂ ਦੀਆਂ ਜਾਇਜ਼ ਮੰਗਾਂ ਮਨਵਾਉਣ ਲਈ ਆਪਸੀ ਏਕਤਾ ਅਤੇ ਸੰਗਠਨ ਦੀ ਮਜ਼ਬੂਤੀ ਸਭ ਤੋਂ ਵੱਧ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੱਤਰਕਾਰ ਇਕਜੁੱਟ ਰਹਿਣਗੇ ਤਾਂ ਕਿਸੇ ਵੀ ਜਾਇਜ਼ ਮੰਗ ਨੂੰ ਮਨਵਾਉਣਾ ਮੁਸ਼ਕਲ ਨਹੀਂ ਰਹੇਗਾ।

ਇਸ ਮੌਕੇ ਯੂਨੀਅਨ ਵੱਲੋਂ ਵਾਤਾਵਰਨ ਸੰਭਾਲ ਲਈ ਰੁੱਖ ਲਗਾਉਣ ਦੀ ਮੁਹਿੰਮ ਚਲਾਉਣ ਦਾ ਵੀ ਫ਼ੈਸਲਾ ਕੀਤਾ ਗਿਆ। ਇਸ ਸਬੰਧੀ ਜ਼ਿਲ੍ਹਾ ਚੇਅਰਮੈਨ ਚੇਤ ਰਾਮ ਰਤਨ ਨੇ ਐਲਾਨ ਕੀਤਾ ਕਿ ਜਦੋਂ ਵੀ ਯੂਨੀਅਨ ਵੱਲੋਂ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ, ਉਹ ਆਪਣੇ ਵੱਲੋਂ 50 ਬੂਟੇ ਭੇਟ ਕਰਨਗੇ। ਉਨ੍ਹਾਂ ਨੇ ਕਿਹਾ ਕਿ ਵਾਤਾਵਰਨ ਦੀ ਸੰਭਾਲ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਪੱਤਰਕਾਰ ਭਾਈਚਾਰੇ ਨੂੰ ਵੀ ਇਸ ਸਮਾਜਿਕ ਮੁਹਿੰਮ ਵਿੱਚ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਮੀਟਿੰਗ ਦੇ ਅੰਤ ਵਿੱਚ ਸਮੂਹ ਮੈਂਬਰਾਂ ਨੇ ਪੱਤਰਕਾਰ ਭਾਈਚਾਰੇ ਦੀ ਏਕਤਾ ਨੂੰ ਹੋਰ ਮਜ਼ਬੂਤ ਕਰਨ, ਸੱਚੀ, ਨਿਰਪੱਖ ਅਤੇ ਜ਼ਿੰਮੇਵਾਰ ਪੱਤਰਕਾਰਤਾ ਨੂੰ ਉਤਸ਼ਾਹਿਤ ਕਰਨ ਅਤੇ ਸਮਾਜ ਦੇ ਲੋਕ-ਹਿੱਤਾਂ ਦੀ ਰੱਖਿਆ ਲਈ ਹਮੇਸ਼ਾ ਅੱਗੇ ਰਹਿਣ ਦਾ ਸੰਕਲਪ ਲਿਆ। ਇਸ ਮੌਕੇ ਤੇ ਸਟੇਜ ਸਕੱਤਰ ਦੀ ਭੂਮਿਕਾ ਧਰਮਵੀਰ ਪਾਲ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਜਿੰਦਰ ਬਖਲੌਰ, ਕੁਲਦੀਪ ਬੰਗਾ, ਪ੍ਰੇਮ ਜੰਡਿਆਲੀ, ਰਕੇਸ਼ ਆਨੰਦ, ਪ੍ਰੇਮੀ ਸੰਧਵਾਂ, ਗੁਰਜਿੰਦਰ ਸਿੰਘ ਗੁਰੂ, ਰਾਜ ਮਜਾਰੀ, ਰੇਸ਼ਮ ਕਲੇਰ, ਬਿੱਟੂ ਭੱਟੀ, ਜੀ ਚੰਨੀ ਪਠਲਾਵਾ, ਚਰਨਜੀਤ ਸੱਲ੍ਹਣ, ਮਨਪ੍ਰੀਤ ਕੌਰ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਬਾਬਾ ਫ਼ਰੀਦ ਯੂਨੀਵਰਸਿਟੀ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਖੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਮਿਲੀ ਨਵੀਂ ਰਫ਼ਤਾਰ

## ਪ੍ਰੋ. (ਡਾ.) ਰਾਜੀਵ ਸੂਦ ਅਤੇ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਵੱਲੋਂ ਵਿਕਾਸ ਕਾਰਜਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ ਗਿਆ



**ਫ਼ਰੀਦਕੋਟ (ਸ਼ਿਵਨਾਥ)** ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫ਼ਰੀਦਕੋਟ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫ਼ਰੀਦਕੋਟ ਵਿਖੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨ ਦੇ ਉਦੇਸ਼ ਨਾਲ ਵੱਖ-ਵੱਖ ਮਹੱਤਵਪੂਰਨ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਣ ਦਾ ਸਮਾਰੋਹ ਕਰਵਾਇਆ ਗਿਆ।
ਇਸ ਮੌਕੇ ਬਾਬਾ ਫ਼ਰੀਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਅਤੇ ਫ਼ਰੀਦਕੋਟ ਦੇ ਵਿਧਾਇਕ ਅਤੇ ਬੋਰਡ ਆਫ਼ ਮੈਨੇਜਮੈਂਟ ਦੇ ਮੈਂਬਰ ਸ. ਗੁਰਦਿੱਤ ਸਿੰਘ ਸੇਖੋਂ ਨੇ ਸਾਂਝੇ ਤੌਰ 'ਤੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ। ਸਮਾਗਮ ਵਿੱਚ ਯੂਨੀਵਰਸਿਟੀ ਦੇ ਅਧਿਕਾਰੀਆਂ, ਡਾਕਟਰਾਂ, ਅਧਿਆਪਕਾਂ ਅਤੇ ਕਰਮਚਾਰੀਆਂ ਨੇ ਵੀ ਸ਼ਮੂਲੀਅਤ ਕੀਤੀ।
ਯੂਨੀਵਰਸਿਟੀ ਦੇ ਵਿਆਪਕ ਬੁਨਿਆਦੀ ਢਾਂਚਾ ਵਿਕਾਸ ਪ੍ਰੋਗਰਾਮ ਤਹਿਤ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿਖੇ ਗੈਰਾਜਾਂ ਤੋਂ ਨਿਊਕਲੀਅਰ ਮੈਡੀਸਨ ਬਲਾਕ ਅਤੇ ਐਮ.ਸੀ.ਐਚ. ਬਲਾਕ ਦੇ ਨੇੜੇ ਤੱਕ ਇੰਟਰਲਾਕਿੰਗ ਟਾਈਲਾਂ ਵਾਲੀਆਂ ਸੜਕਾਂ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਤੋਂ ਇਲਾਵਾ ਬਾਬਾ ਫ਼ਰੀਦ ਸੈਨੇਟ ਹਾਲ, ਡਾ. ਬੀ.ਸੀ. ਰਾਏ ਬੋਰਡ ਆਫ਼ ਮੈਨੇਜਮੈਂਟ ਕਮੇਟੀ ਹਾਲ, ਯੂਨੀਵਰਸਿਟੀ ਗੈਸਟ ਹਾਊਸ, ਐਫਲੂਐਂਟ ਟ੍ਰੀਟਮੈਂਟ ਪਲਾਂਟ (ETP) ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ (ਸ਼ਠਫ), ਪ੍ਰਸ਼ਾਸਕੀ ਬਲਾਕ ਵਿਖੇ ਵਾਈਸ ਚਾਂਸਲਰ ਲਾਇਬ੍ਰੇਰੀ ਦੇ ਨਵੀਨੀਕਰਨ ਅਤੇ ਆਧੁਨਿਕੀਕਰਨ, ਅਤੇ ਯੂਨੀਵਰਸਿਟੀ ਗੈਸਟ ਹਾਊਸ ਵਿਖੇ ਤਿਆਰ ਕੀਤੇ ਨਵੇਂ ਗਜ਼ੀਬੋ ਦਾ ਉਦਘਾਟਨ ਕੀਤਾ ਗਿਆ। ਇਹ ਗਜ਼ੀਬੋ ਯੂਨੀਵਰਸਿਟੀ ਵਿੱਚ ਉਪਲਬਧ ਨਾ-ਵਰਤੀ ਗਈ ਲੱਕੜ ਦੀ ਮੁੜ ਵਰਤੋਂ ਕਰਕੇ ਤਿਆਰ ਕੀਤਾ ਗਿਆ ਹੈ, ਜੋ ਸਰੋਤਾਂ ਦੀ ਸੁਚੱਜੀ ਵਰਤੋਂ ਅਤੇ ਟਿਕਾਊ ਵਿਕਾਸ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਦਾ ਪ੍ਰਤੀਕ ਹੈ। ਇਨ੍ਹਾਂ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਚਲਾਏ ਜਾ ਰਹੇ ਕੁੱਲ 48 ਬੁਨਿਆਦੀ ਢਾਂਚਾ ਵਿਕਾਸ ਪ੍ਰੋਜੈਕਟਾਂ ਵਿੱਚੋਂ ਬਾਕੀ ਪ੍ਰੋਜੈਕਟਾਂ ਦਾ ਈ-ਉਦਘਾਟਨ ਵੀ ਕੀਤਾ ਗਿਆ।
ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪ੍ਰੋ. (ਡਾ.) ਰਾਜੀਵ ਸੂਦ ਨੇ ਕਿਹਾ ਕਿ ਕਿਸੇ ਵੀ ਅਕਾਦਮਿਕ ਅਤੇ ਸਿਹਤ ਸੰਸਥਾ ਦੀ ਤਰੱਕੀ ਤਿੰਨ ਮੁੱਖ ਆਧਾਰਾਂ—ਮਜ਼ਬੂਤ ਬੁਨਿਆਦੀ ਢਾਂਚਾ, ਯੋਗ ਮਨੁੱਖੀ ਸਰੋਤ ਅਤੇ ਆਧੁਨਿਕ ਉਪਕਰਨਾਂ—'ਤੇ ਨਿਰਭਰ ਕਰਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਯੂਨੀਵਰਸਿਟੀ ਨੇ ਇਨ੍ਹਾਂ ਤਿੰਨਾਂ ਖੇਤਰਾਂ ਵਿੱਚ ਯੋਜਨਾਬੱਧ ਢੰਗ ਨਾਲ ਕੰਮ ਕਰਦਿਆਂ ਇਤਿਹ-ਾਸਕ ਤਰੱਕੀ ਕੀਤੀ ਹੈ।
ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਯੂਨੀਵਰਸਿਟੀ ਦੀ ਜ਼ਿੰਮੇਵਾਰੀ ਸੰਭਾਲੀ ਸੀ ਤਾਂ ਕਰੀਬ 2,000 ਅਸਾਮੀਆਂ ਖਾਲੀ ਸਨ, ਜਿਸ ਕਾਰਨ ਸਿਹਤ ਸੇਵਾਵਾਂ ਅਤੇ ਅਕਾਦਮਿਕ ਗਤੀਵਿਧੀਆਂ ਪ੍ਰਭਾਵਿਤ ਹੋ ਰਹੀਆਂ ਸਨ। ਪਿਛਲੇ ਤਿੰਨ ਸਾਲਾਂ ਦੌਰਾਨ ਪਾਰਦਰਸ਼ੀ ਭਰਤੀ ਪ੍ਰਕਿਰਿਆ ਰਾਹੀਂ 1,000 ਤੋਂ ਵੱਧ ਨਿਯੁਕਤੀਆਂ ਕੀਤੀਆਂ ਗਈਆਂ ਹਨ, ਜਿਸ ਨਾਲ ਡਾਕਟਰਾਂ, ਨਰਸਾਂ, ਅਧਿਆਪਕਾਂ ਅਤੇ ਹੋਰ ਸਿਹਤ ਕਰਮਚਾਰੀਆਂ ਦੀ ਘਾਟ ਨੂੰ ਕਾਫ਼ੀ ਹੱਦ ਤੱਕ ਪੂਰਾ ਕੀਤਾ ਗਿਆ ਹੈ।
ਪ੍ਰੋ. ਸੂਦ ਨੇ ਕਿਹਾ ਕਿ ਅੱਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਪੰਜਾਬ ਦੇ ਮੁੱਖ ਇਲਾਜ ਕੇਂਦਰਾਂ ਵਿੱਚ ਸ਼ਾਮਲ ਹੋ ਚੁੱਕਾ ਹੈ। ਪਹਿਲਾਂ ਜਿੱਥੇ ਮਰੀਜ਼ਾਂ ਨੂੰ ਕੈਂਸਰ, ਦਿਲ ਦੀਆਂ ਬਿਮਾਰੀਆਂ, ਯੂਰੋਲੋਜੀ ਅਤੇ ਹੋਰ ਜਟਿਲ ਬਿਮਾਰੀਆਂ ਦੇ ਇਲਾਜ ਲਈ ਦੂਜੇ ਸ਼ਹਿਰਾਂ ਦਾ ਰੁਖ ਕਰਨਾ ਪੈਂਦਾ ਸੀ, ਉੱਥੇ ਹੁਣ ਇਹ ਸਹੂਲਤਾਂ ਫ਼ਰੀਦਕੋਟ ਵਿੱਚ ਹੀ ਉਪਲਬਧ ਹਨ। ਇਸ ਕਾਰਨ ਨਾ ਸਿਰਫ਼ ਪੰਜਾਬ ਸਗੋਂ ਹੋਰਨਾਂ ਰਾਜਾਂ ਤੋਂ ਵੀ ਮਰੀਜ਼ ਇਲਾਜ ਲਈ ਇੱਥੇ ਆ ਰਹੇ ਹਨ।
ਉਨ੍ਹਾਂ ਦੱਸਿਆ ਕਿ ਨਿਊਕਲੀਅਰ ਮੈਡੀਸਨ ਵਿਭਾਗ ਵਿੱਚ ਦੇਸ਼ ਦੀਆਂ ਸਭ ਤੋਂ ਆਧੁਨਿਕ ਡਿਜ਼ੀਟਲ ਪੀ.ਈ.ਟੀ.-ਸੀ.ਟੀ. ਮਸ਼ੀਨਾਂ ਵਿੱਚੋਂ ਇੱਕ ਸਥਾਪਤ ਕੀਤੀ ਗਈ ਹੈ। ਇਸ ਤੋਂ ਇਲਾਵਾ ਆਧੁਨਿਕ ਐੱਮ.ਆਰ.ਆਈ., ਕੈਂਸਰ ਦੇ ਇਲਾਜ ਲਈ ਨਵੀਨਤਮ ਤਕਨਾਲੋਜੀ, ਰੋਬੋਟਿਕ ਅਤੇ ਮਿਨੀਮਲੀ ਇਨਵੇਸਿਵ ਸਰਜਰੀ, ਯੂਰੋਲੋਜੀ, ਕਾਰਡੀਓਲੋਜੀ, ਰੇਡੀਓਥੈਰੇਪੀ ਅਤੇ ਹੋਰ ਸੁਪਰ ਸਪੈਸ਼ਲਟੀ ਸਹੂਲਤਾਂ ਮਰੀਜ਼ਾਂ ਨੂੰ ਇੱਕ ਹੀ ਛੱਤ ਹੇਠ ਉਪਲਬਧ ਕਰਵਾਈਆਂ ਜਾ ਰਹੀਆਂ ਹਨ।
ਪ੍ਰੋ. (ਡਾ.) ਰਾਜੀਵ ਸੂਦ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਪਿਛਲੇ ਤਿੰਨ ਸਾਲਾਂ ਦੌਰਾਨ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਿਆਪਕ ਪੱਧਰ 'ਤੇ ਕੰਮ ਕੀਤਾ ਗਿਆ ਹੈ ਅਤੇ ਇਸ ਸਮੇਂ 48 ਤੋਂ ਵੱਧ ਵਿਕਾਸ ਪ੍ਰੋਜੈਕਟਾਂ 'ਤੇ ਕੰਮ ਮੁਕੰਮਲ ਹੋ ਚੁੱਕਾ ਹੈ ਜਾਂ ਅੰਤਿਮ ਪੜਾਅ ਵਿੱਚ ਹੈ। ਇਨ੍ਹਾਂ ਪ੍ਰੋਜੈਕਟਾਂ ਵਿੱਚ ਅਕਾਦਮਿਕ ਇਮਾਰਤਾਂ, ਆਧੁਨਿਕ ਓਪਰੇਸ਼ਨ ਥੀਏਟਰ, ਸਿਮੂਲੇਸ਼ਨ ਲੈਬਾਂ, ਸੜਕਾਂ, ਹੋਸਟਲਾਂ, ਗੈਸਟ ਹਾਊਸਾਂ, ਲਾਇਬ੍ਰੇਰੀਆਂ ਅਤੇ ਹੋਰ ਸਹਾਇਕ ਢਾਂਚਿਆਂ ਦਾ ਵਿਕਾਸ ਸ਼ਾਮਲ ਹੈ।
ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਨੇ ਵਾਤਾਵਰਣ ਸੁਰੱਖਿਆ ਅਤੇ ਟਿਕਾਊ ਵਿਕਾਸ ਨੂੰ ਧਿਆਨ ਵਿੱਚ ਰੱਖਦਿਆਂ ਕਈ ਪਹਿਲਕਦਮੀਆਂ ਕੀਤੀਆਂ ਹਨ। ਕੈਂਪਸਾਂ ਵਿੱਚ 1,000 ਤੋਂ ਵੱਧ ਸੋਲਰ ਲਾਈਟਾਂ ਲਗਾਈਆਂ ਗਈਆਂ ਹਨ ਅਤੇ ਯੂਨੀਵਰਸਿਟੀ ਦਾ ਲੰਬੇ ਸਮੇਂ ਦਾ ਟੀਚਾ ਊਰਜਾ ਦੇ ਖੇਤਰ ਵਿੱਚ ਆਤਮਨਿਰਭਰਤਾ ਵੱਲ ਵਧਣਾ ਹੈ। ਇਸ ਦੇ ਨਾਲ ਹੀ ਐਫਲੂਐਂਟ ਟ੍ਰੀਟਮੈਂਟ ਪਲਾਂਟ (ETP) ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ (STP) ਨੂੰ ਅਪਗ੍ਰੇਡ ਕਰਕੇ ਵਾਤਾਵਰਣ ਮਾਪਦੰਡਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਗਿਆ ਹੈ।
ਪ੍ਰੋ. ਸੂਦ ਨੇ ਕਿਹਾ ਕਿ ਮੈਡੀਕਲ ਸਿੱਖਿਆ ਵਿੱਚ ਗੁਣਵੱਤਾ ਅਤੇ ਹੁਨਰ ਅਧਾਰਿਤ ਸਿਖਲਾਈ ਨੂੰ ਉਤਸ਼ਾਹਿਤ ਕਰਨ ਲਈ ਯੂਨੀਵਰਸਿਟੀ ਨੇ ਦੇਸ਼ ਦੀਆਂ ਅਗੇਤੀ ਸਿਮੂਲੇਸ਼ਨ ਸਹੂਲਤਾਂ ਸਥਾਪਿਤ ਕੀਤੀਆਂ ਹਨ। ਇਨ੍ਹਾਂ ਉੱਚ-ਪੱਧਰੀ ਸਿਮੂਲੇਟਰਾਂ ਰਾਹੀਂ ਵਿਦਿਆਰਥੀ ਅਤੇ ਡਾਕਟਰ ਅਸਲ ਮਰੀਜ਼ਾਂ 'ਤੇ ਇਲਾਜ ਕਰਨ ਤੋਂ ਪਹਿਲਾਂ ਸੁਰੱਖਿਅਤ ਵਾਤਾਵਰਣ ਵਿੱਚ ਸਿਖਲਾਈ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਮਰੀਜ਼ ਸੁਰੱਖਿਆ ਅਤੇ ਇਲਾਜ ਦੀ ਗੁਣਵੱਤਾ ਵਿੱਚ ਮਹੱਤਵਪੂਰਨ ਸੁਧਾਰ ਆਇਆ ਹੈ।
ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੇ ਖੋਜ ਅਤੇ ਉੱਚ ਸਿੱਖਿਆ ਨੂੰ ਵੀ ਨਵੀਂ ਦਿਸ਼ਾ ਦਿੱਤੀ ਹੈ। ਕਈ ਸਾਲਾਂ ਤੋਂ ਬੰਦ ਪਈਆਂ ਪੀਐਚ.ਡੀ. ਗਤੀਵਿਧੀਆਂ ਨੂੰ ਮੁੜ ਸ਼ੁਰੂ ਕੀਤਾ ਗਿਆ ਹੈ ਅਤੇ ਖੋਜਾਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਪ੍ਰੋਤਸਾਹਨ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ ਡਿਜ਼ੀਟਲ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਓਪਨ ਕਲਾਸਰੂਮ ਅਤੇ ਆਨਲਾਈਨ ਲਰਨਿੰਗ ਪਲੇਟਫਾਰਮ ਸ਼ੁਰੂ ਕੀਤੇ ਗਏ ਹਨ, ਜਿਸ ਨਾਲ ਵਿਦਿਆਰਥੀ ਕਿਸੇ ਵੀ ਸਮੇਂ ਆਪਣੇ ਮੋਬਾਈਲ ਫੋਨ ਜਾਂ ਡਿਜ਼ੀਟਲ ਉਪਕਰਣਾਂ ਰਾਹੀਂ ਅਧਿਐਨ ਸਮੱਗਰੀ ਤੱਕ ਪਹੁੰਚ ਕਰ ਸਕਦੇ ਹਨ।
ਸਕਿਲ ਡਿਵੈਲਪਮੈਂਟ ਖੇਤਰ ਵਿੱਚ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਬਾਬਾ ਫ਼ਰੀਦ ਯੂਨੀਵਰਸਿਟੀ ਪੰਜਾਬ ਵਿੱਚ ਸਿਹਤ ਖੇਤਰ ਨਾਲ ਸਬੰਧਤ ਹੁਨਰ ਵਿਕਾਸ ਕਾਰਜਕ੍ਰਮਾਂ ਦੀ ਅਗਵਾਈ ਕਰ ਰਹੀ ਹੈ। ਹਜ਼ਾਰਾਂ ਨਰਸਾਂ, ਪੈਰਾਮੈਡੀਕਲ ਕਰਮਚਾਰੀਆਂ ਅਤੇ ਸਿਹਤ ਪੇਸ਼ੇਵਰਾਂ ਨੂੰ ਆਧੁਨਿਕ ਸਿਖਲਾਈ ਦਿੱਤੀ ਗਈ ਹੈ, ਜਿਸ ਨਾਲ ਉਨ੍ਹਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਏ ਹਨ। ਕਈ ਸਿਖਿਆਰਥੀ ਪੰਜਾਬ, ਦੇਸ਼ ਦੇ ਹੋਰ ਰਾਜਾਂ ਅਤੇ ਵਿਦੇਸ਼ਾਂ ਵਿੱਚ ਵੀ ਰੁਜ਼ਗਾਰ ਪ੍ਰਾਪਤ ਕਰ ਰਹੇ ਹਨ।
ਪ੍ਰੋ. ਸੂਦ ਨੇ ਦੱਸਿਆ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਯੂਨੀਵਰਸਿਟੀ ਨੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਛਸ਼੍ਰ) ਰਾਹੀਂ ਲਗਭਗ 20 ਕਰੋੜ ਰੁਪਏ ਦੇ ਸਰੋਤ ਇਕੱਠੇ ਕੀਤੇ ਹਨ, ਜਿਨ੍ਹਾਂ ਦੀ ਮਦਦ ਨਾਲ ਮਰੀਜ਼ ਭਲਾਈ, ਆਧੁਨਿਕ ਉਪਕਰਣਾਂ ਦੀ ਖਰੀਦ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ।ਇਸ ਮੌਕੇ ਸੰਬੋਧਨ ਕਰਦਿਆਂ ਸ. ਗੁਰਦਿੱਤ ਸਿੰਘ ਸੇਖੋਂ, ਵਿਧਾਇਕ ਫ਼ਰੀਦਕੋਟ ਅਤੇ ਮੈਂਬਰ, ਬੋਰਡ ਆਫ਼ ਮ ੈ ਨ ੇ ਜ ਮ ੈ ਂ ਟ , ਬੀਐਫਯੂਐਚਐਸ ਨੇ ਕਿਹਾ ਕਿ ਪੰਜਾਬ ਸਰਕਾਰ ਸਿਹਤ ਅਤੇ ਸਿੱਖਿਆ ਖੇਤਰ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਬਾਬਾ ਫ਼ਰੀਦ ਯੂਨੀਵਰਸਿਟੀ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਹੋਏ ਵਿਕਾਸ ਕਾਰਜਾਂ ਨੇ ਸੰਸਥਾ ਦੀ ਕਾਰਗੁਜ਼ਾਰੀ ਅਤੇ ਮਾਣ-ਮਰਿਆਦਾ ਵਿੱਚ ਵੱਡਾ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅੱਜ ਫ਼ਰੀਦਕੋਟ ਦਾ ਇਹ ਮੈਡੀਕਲ ਕੈਂਪਸ ਆਧੁਨਿਕ ਮਸ਼ੀਨਰੀ, ਮਾਹਿਰ ਡਾਕਟਰਾਂ ਅਤੇ ਵਿਸ਼ਵ ਪੱਧਰੀ ਸਹੂਲਤਾਂ ਕਾਰਨ ਦੇਸ਼ ਦੇ ਪ੍ਰਮੁੱਖ ਸਿਹਤ ਸੰਸਥਾਨਾਂ ਵਿੱਚ ਆਪਣੀ ਵੱਖਰੀ ਪਛਾਣ ਬਣਾ ਰਿਹਾ ਹੈ।
ਡਾ. ਗਗਨਪ੍ਰੀਤ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਪ੍ਰਧਾਨ, ਅਤੇ ਡਾ. ਅਮਨਪ੍ਰੀਤ ਸਿੰਘ, ਜੁਆਇੰਟ ਸਕੱਤਰ, ਜੀ.ਜੀ.ਐਸ. ਮੈਡੀਕਲ ਟੀਚਰਜ਼ ਐਸੋਸੀਏਸ਼ਨ, ਫ਼ਰੀਦਕੋਟ (ਰਜਿ.)ਨੇ ਯੂਨੀਵਰਸਿਟੀ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਹੋਏ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਕਾਦਮਿਕ ਢਾਂਚੇ ਦੇ ਮਜ਼ਬੂਤੀਕਰਨ, ਫੈਕਲਟੀ ਭਰਤੀ, ਖੋਜ ਗਤੀਵਿਧੀਆਂ ਦੇ ਵਿਸਥਾਰ ਅਤੇ ਹਸਪਤਾਲ ਦੀਆਂ ਆਧੁਨਿਕ ਸਹੂਲਤਾਂ ਵਿੱਚ ਹੋਏ ਵਾਧੇ ਨੇ ਅਧਿਆਪਨ ਅਤੇ ਮਰੀਜ਼ ਸੇਵਾ ਲਈ ਬਿਹਤਰ ਮਾਹੌਲ ਸਿਰਜਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਹਿਲਕਦਮੀਆਂ ਨਾਲ ਸੰਸਥਾ ਦੀ ਰਾਸ਼ਟਰੀ ਪੱਧਰ 'ਤੇ ਪਛਾਣ ਹੋਰ ਮਜ਼ਬੂਤ ਹੋਈ ਹੈ।
ਸ਼੍ਰੀ ਜਗਦੀਸ਼ ਰਾਏ ਢੋਸੀਵਾਲ, ਚੇਅਰਮੈਨ ਅਤੇ ਸੰਸਥਾਪਕ, ਐਲ.ਬੀ.ਟੀ.ਸੀ. (LBCT) ਨੇ ਪ੍ਰੋ. (ਡਾ.) ਰਾਜੀਵ ਸੂਦ ਦੀ ਅਗਵਾਈ ਹੇਠ ਮਰੀਜ਼ ਭਲਾਈ ਅਤੇ ਲੋਕ ਹਿਤ ਵਿੱਚ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਅਤੇ ਹਸਪਤਾਲ ਵਿੱਚ ਸਿਹਤ ਸਹੂਲਤਾਂ ਦੇ ਵਿਸਥਾਰ, ਆਧੁਨਿਕ ਇਲਾਜ ਪ੍ਰਣਾਲੀਆਂ ਦੀ ਉਪਲਬਧਤਾ ਅਤੇ ਮਰੀਜ਼-ਕੇਂਦਰਿਤ ਸੋਚ ਨੇ ਹਜ਼ਾਰਾਂ ਮਰੀਜ਼ਾਂ ਨੂੰ ਲਾਭ ਪਹੁੰਚਾਇਆ ਹੈ। ਉਨ੍ਹਾਂ ਸਮਾਜਿਕ ਸੰਸਥਾਵਾਂ ਅਤੇ ਯੂਨੀਵਰਸਿਟੀ ਵਿਚਕਾਰ ਹੋ ਰਹੇ ਸਹਿਯੋਗ ਨੂੰ ਵੀ ਸ਼ਲਾਘਾਯੋਗ ਕਰਾਰ ਦਿੱਤਾ।
ਸਮਾਗਮ ਦੇ ਅੰਤ ਵਿੱਚ ਯੂਨੀਵਰਸਿਟੀ ਪ੍ਰਸ਼ਾਸਨ ਨੇ ਸਿਹਤ ਸੇਵਾਵਾਂ, ਮੈਡੀਕਲ ਸਿੱਖਿਆ, ਖੋਜ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ। ਇਸ ਮੌਕੇ ਹਾਜ਼ਰ ਸਾਰੇ ਮਹਿਮਾਨਾਂ ਨੇ ਉਮੀਦ ਜਤਾਈ ਕਿ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਭਵਿੱਖ ਵਿੱਚ ਵੀ ਸਿਹਤ ਸੇਵਾਵਾਂ ਅਤੇ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਨਵੇਂ ਮਾਪਦੰਡ ਸਥਾਪਿਤ ਕਰਦੇ ਰਹਿਣਗੇ।

# ਬਸਪਾ ਦੇ ਪੰਜਾਬ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਜੀ ਕਨੇਡਾ ਵਿਖੇ ਤੁਹਾਡੇ ਕੋਲ ਆਏ ਹਨ -ਡਾ ਨਛੱਤਰ ਪਾਲ ਐਮ ਐਲ ਏ

**ਨਵਾਂਸ਼ਹਿਰ( ਚਰਨਜੀਤ ਸੱਲ੍ਹਾ )**ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਜੀ ਕਰੀਮਪੁਰੀ ਇਨੀ ਦਿਨੀ ਕਨੇਡਾ ਦੇ ਵਿੱਚ ਵੱਖ ਵੱਖ ਥਾਵਾਂ ਤੇ ਵਰਲਡ ਵਾਈਡ ਬੀਐਸਪੀ ਸਪੋਟਰ ਦੇ ਅਤੇ ਹੋਰ ਵੱਖ ਵੱਖ ਥਾਵਾਂ ਤੇ ਬਹੁਜਨ ਸਮਾਜ ਪਾਰਟੀ ਨੂੰ ਪੰਜਾਬ ਦੀ ਸੱਤਾ ਤੇ ਲਿਆਉਣ ਲਈ ਐਨਆਰਆਈ ਸਾਥੀਆਂ ਨੂੰ ਅਪੀਲ ਕਰਨ ਲਈ ਪਹੁੰਚੇ ਹਨ ਮੇਰੀ ਸਮੁੱਚੇ ਕਨੇਡਾ ਵਾਸੀਆਂ ਨੂੰ ਅਪੀਲ ਹੈ ਸਰਦਾਰ ਅਵਤਾਰ ਸਿੰਘ ਜੀ ਕਰੀਮਪੁਰੀ ਜੀ ਦੇ





ਪ੍ਰੋਗਰਾਮ ਵਿੱਚ ਪਹੁੰਚ ਕੇ ਉਹਨਾਂ ਦੇ ਵਿਚਾਰ ਜਰੂਰ ਸੁਣਨ ਤਾਂ ਜੋ ਰਲ ਮਿਲ ਕੇ ਆਪਣੇ ਮਹਾਂਪੁਰਸ਼ਾਂ ਦੇ ਅੰਦੋਲਨ ਨੂੰ ਮੰਜ਼ਿਲ ਤੇ ਪਹੁੰਚਾ ਸਕੀਏ ਇਹ ਸ਼ਬਦ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਕਹੇਂ ਅਤੇ ਰਲ਼ ਮਿਲ਼ ਕੇ ਆਪਣੀ ਸਰਕਾਰ ਬਣਾਈਏ।

# ਮੈਡੀਕਲ ਪ੍ਰੈਕਟੀਸ਼ਨਰਜ਼ ਨੇ ਹਲਕਾ ਨਵਾਂਸ਼ਹਿਰ ਦੇ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਨੂੰ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ



**ਨਵਾਂਸ਼ਹਿਰ (ਚਰਨਜੀਤ ਸੱਲ੍ਹਾ )**ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਦੇ ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ, ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ, ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ ਅਤੇ ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਅਤੇ ਸਮੁੱਚੀ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਲੰਮੇਂ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਮਨਵਾਉਣ ਲਈ ਹਲਕਾ ਨਵਾਂਸ਼ਹਿਰ ਦੇ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਨੂੰ ਮੰਗ ਪੱਤਰ ਸੌਂਪਿਆ ਗਿਆ। ਵਿਧਾਇਕ ਡਾਕਟਰ ਨਛੱਤਰ ਪਾਲ ਜੀ ਨੇ ਵਫ਼ਦ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਉਹ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਹੱਲ ਕਰਵਾਉਣ ਲਈ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਮੁੱਦਾ ਉਠਾਉਣ ਗੇ। ਕਿਉਂਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ ਮੰਗਾਂ ਜਾਇਜ ਹਨ। ਇਸ ਸਮੇਂ , ਬਲਾਕ ਸੜੋਆ ਦੇ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ,ਡਾਕਟਰ ਨਰੇਸ਼ ਕੁਮਾਰ ਸਹੋਤਾ, ਕਾਠਗੜ੍ਹ ਬਲਾਕ ਦੇ ਜ਼ਿਲ੍ਹਾ ਆਗੂ ਡਾਕਟਰ ਵਿਪਿਨ ਥੋਪੀਆ, ਡਾਕਟਰ ਅਵਤਾਰ ਥੋਪੀਆ, ਡਾਕਟਰ ਗਗਨ ਥੋਪੀਆ, ਡਾਕਟਰ ਬਲਿਹਾਰ ਰੱਤੂ, ਡਾਕਟਰ ਪਵਨ ਤਾਜੋਵਾਲ , ਡਾਕਟਰ ਗੁਰਨਾਮ ਸਿੰਘ ਜ਼ਿਲ੍ਹਾ ਆਗੂ, ਡਾਕਟਰ ਸੰਜੀਵ ਕੁਮਾਰ, ਡਾਕਟਰ ਸੁਰਜੀਤ ਚੀਮਾ ਆਦਿ ਮੈਂਬਰ ਹਾਜ਼ਰ ਸਨ।

# ਬੇਗਮਪੁਰਾ ਖ਼ਾਲਸਾ ਲਹਿਰ ਰਾਹੀਂ ਸਿੱਖ ਅਤੇ ਦਲਿਤ ਸਮਾਜ ਦੀ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ – ਇਮਾਨ ਸਿੰਘ ਮਾਨ

### ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਜੈ ਭੀਮ ਟੀਮ ਪੰਜਾਬ ਵੱਲੋਂ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਹੋਣਗੇ 'ਬੇਗਮਪੁਰਾ ਪੰਥਕ ਇਕੱਠ' — ਡਾ. ਜੱਖੂ

**ਫਗਵਾੜਾ 13 ਜੁਲਾਈ ( ਚਰਨਜੀਤ ਸੱਲ੍ਹਾ )** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਜੈ ਭੀਮ ਟੀਮ ਪੰਜਾਬ ਵੱਲੋਂ 'ਬੇਗਮਪੁਰਾ ਖ਼ਾਲਸਾ ਲਹਿਰ' ਦੇ ਸਿਧਾਂਤਕ ਸੰਕਲਪ ਨੂੰ ਪੰਜਾਬ ਦੇ ਘਰ-ਘਰ ਤੱਕ ਪਹੁੰਚਾਉਣ ਅਤੇ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨ ਲਈ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ 'ਬੇਗਮਪੁਰਾ ਪੰਥਕ ਇਕੱਠ' ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ।ਇਸ ਸਬੰਧੀ ਪ੍ਰੈੱਸ ਨੂੰ ਜਾਰੀ ਬਿਆਨ ਕਰਦਿਆ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਜਕਰਨੀ ਪ੍ਰਧਾਨ ਸ ਇਮਾਨ ਸਿੰਘ ਮਾਨ ਅਤੇ ਬੇਗਮਪੁਰਾ ਖ਼ਾਲਸਾ ਲਹਿਰ ਦੇ ਕੁਆਰਡੀਨੇਟਰ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਡਾ. ਹਰਜਿੰਦਰ ਸਿੰਘ ਜੱਖੂ ਨੇ ਦੱਸਿਆ ਕਿ ਇਹ ਸਮੁੱਚੇ ਪ੍ਰੋਗਰਾਮ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਦਿੱਤੇ ਬਰਾਬਰੀ, ਮਨੁੱਖੀ ਸਨਮਾਨ, ਨਿਆਂ ਅਤੇ ਜ਼ੁਲਮ-ਰਹਿਤ ਸਮਾਜ ਦੇ ਸੰਦੇਸ਼ ਨੂੰ ਅਮਲੀ ਰੂਪ ਦੇਣ ਲਈ ਸਿੱਖ ਸਮਾਜ ਅਤੇ ਦਲਿਤ ਸਮਾਜ ਦੀ ਸਾਂਝ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। 'ਬੇਗਮਪੁਰਾ ਖ਼ਾਲਸਾ ਲਹਿਰ' ਕਿਸੇ ਇੱਕ ਵਰਗ ਜਾਂ ਭਾਈਚਾਰੇ ਤੱਕ ਸੀਮਤ ਨਾ ਹੋ ਕੇ ਸਮੁੱਚੀ ਮਨੁੱਖਤਾ ਲਈ ਬਰਾਬਰੀ, ਭਾਈਚਾਰਕ ਸਾਂਝ ਅਤੇ ਸਮਾਜਿਕ ਨਿਆਂ ਦੀ ਲਹਿਰ ਹੈ। ਡਾ. ਜੱਖੂ ਨੇ





ਦੱਸਿਆ ਕਿ ਅਗਸਤ ਅਤੇ ਸਤੰਬਰ ਮਹੀਨਿਆਂ ਦੌਰਾਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਬੇਗਮਪੁਰਾ ਪੰਥਕ ਇਕੱਠ ਕਰਵਾਏ ਜਾਣਗੇ। ਐਲਾਨੇ ਗਏ ਪ੍ਰੋਗਰਾਮਾਂ ਅਨੁਸਾਰ 2 ਅਗਸਤ ਨੂੰ ਹੁਸ਼ਿਆਰਪੁਰ, 8 ਅਗਸਤ ਨੂੰ ਫ਼ਤਹਿਗੜ੍ਹ ਸਾਹਿਬ ਅਤੇ 30 ਅਗਸਤ ਨੂੰ ਬਰਨਾਲਾ ਵਿਖੇ ਬੇਗਮਪੁਰਾ ਪੰਥਕ ਇਕੱਠ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੇ ਵਿਦੇਸ਼ ਦੌਰੇ ਤੋਂ ਵਾਪਸ ਆਉਣ ਉਪਰੰਤ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਕੇ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਿੱਚ ਹੋਣ ਵਾਲੇ ਇਕੱਠਾਂ ਦੀਆਂ ਤਰੀਕਾਂ ਅਤੇ ਸਥਾਨਾਂ ਦਾ ਵੀ ਐਲਾਨ ਕਰ ਦਿੱਤਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਜਕਾਰੀ ਪ੍ਰਧਾਨ ਸ. ਇਮਾਨ ਸਿੰਘ ਮਾਨ ਨੇ ਕਿਹਾ ਕਿ ਦੋਵਾਂ ਜਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਵਿੱਚ ਬੇਗਮਪੁਰਾ ਖ਼ਾਲਸਾ ਲਹਿਰ ਪ੍ਰਤੀ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਜੈ ਭੀਮ ਟੀਮ ਪੰਜਾਬ ਦੀਆਂ ਸਮੁੱਚੀਆਂ ਟੀਮਾਂ ਇਨ੍ਹਾਂ ਪੰਥਕ ਇਕੱਠਾਂ ਨੂੰ ਸਫ਼ਲ ਬਣਾਉਣ ਲਈ ਪੂਰੀ ਸੰਜੀਦਗੀ, ਮਿਹਨਤ ਅਤੇ ਸਮਰਪਣ ਨਾਲ ਤਿਆਰੀਆਂ ਵਿੱਚ ਜੁੱਟੀਆਂ ਹੋਈਆਂ ਹਨ।ਸ. ਇਮਾਨ ਸਿੰਘ ਮਾਨ ਨੇ ਦੱਸਿਆ ਕਿ ਲਹਿਰ ਦੇ ਕੁਆਰਡੀਨੇਟਰ ਡਾ. ਹਰਜਿੰਦਰ ਸਿੰਘ ਜੱਖੂ ਦੀ ਅਗਵਾਈ ਹੇਠ ਪਾਰਟੀ ਅਤੇ ਜੈ ਭੀਮ ਟੀਮ ਪੰਜਾਬ ਦੇ ਸੀਨੀਅਰ ਆਗੂ ਪਿੰਡ-ਪਿੰਡ ਜਾ ਕੇ ਮੀਟਿੰਗਾਂ ਕਰਨਗੇ ਅਤੇ ਲੋਕਾਂ ਨੂੰ ਇਸ ਇਤਿਹਾਸਕ ਸਮਾਜਿਕ ਤੇ ਪੰਥਕ ਲਹਿਰ ਨਾਲ ਜੋੜਨਗੇ। ਉਨ੍ਹਾਂ ਕਿਹਾ ਕਿ ਉਹ ਖ਼ੁਦ ਵੀ ਡਾ. ਜੱਖੂ ਅਤੇ ਹੋਰ ਸੀਨੀਅਰ ਆਗੂਆਂ ਨਾਲ ਮਿਲ ਕੇ ਵੱਖ-ਵੱਖ ਇਲਾਕਿਆਂ ਵਿੱਚ ਹੋਣ ਵਾਲੀਆਂ ਤਿਆਰੀ ਮੀਟਿੰਗਾਂ ਵਿੱਚ ਹਿੱਸਾ ਲੈਣਗੇ। ਉਨ੍ਹਾਂ ਅੱਗੇ ਦੱਸਿਆ ਕਿ ਖੰਨਾ ਅਤੇ ਜ਼ਿਲ੍ਹਾ ਮੋਗਾ ਵਿੱਚ ਹੋਣ ਵਾਲੇ ਬੇਗਮਪੁਰਾ ਪੰਥਕ ਇਕੱਠਾਂ ਦੀਆਂ ਤਰੀਕਾਂ ਵੀ ਆਉਣ ਵਾਲੇ ਤਿੰਨ-ਚਾਰ ਦਿਨਾਂ ਵਿੱਚ ਐਲਾਨ ਦਿੱਤੀਆਂ ਜਾਣਗੀਆਂ। ਆਗੂਆਂ ਨੇ ਪੰਜਾਬ ਦੇ ਸਮੂਹ ਇਨਸਾਫ਼ਪਸੰਦ, ਪੰਥਕ, ਦਲਿਤ, ਮਜ਼ਦੂਰ, ਕਿਸਾਨ, ਨੌਜਵਾਨ ਅਤੇ ਬੁੱਧੀਜੀਵੀ ਵਰਗਾਂ ਨੂੰ ਅਪੀਲ ਕੀਤੀ ਕਿ ਉਹ ਬੇਗਮਪੁਰਾ ਖ਼ਾਲਸਾ ਲਹਿਰ ਨਾਲ ਜੁੜ ਕੇ ਜਾਤ-ਪਾਤ, ਵਿਤਕਰੇ, ਬੇਇਨਸਾਫ਼ੀ ਅਤੇ ਸਮਾਜਿਕ ਅਸਮਾਨਤਾ ਵਿਰੁੱਧ ਸਾਂਝੀ ਆਵਾਜ਼ ਬੁਲੰਦ ਕਰਨ।

for more news visit:
www.samajweekly.com

# ਫੁੱਲਾਂ ਦੀ ਵੀ ਹੋਣੀਂ

ਇੱਕੋ ਟਾਹਣੀ 'ਤੇ ਫੁੱਲ ਖਿੜਦੇ ,
ਇੱਕੋ ਮਾਲਣ ਤੋੜੇ ।
ਜਦ ਮੰਡੀ ਵਿੱਚ ਜਾ ਕੇ ਵਿਕਦੇ ,
ਪੈ ਜਾਣ ਅੰਤ ਵਿਛੋੜੇ ।
ਇੱਕ ਮੰਦਰ ਵਿੱਚ ਜਾ ਕੇ ਚੜ੍ਹਦਾ ,
ਇੱਕ ਸਜਾਵੇ ਅਰਥੀ ;
ਕੋਈ ਵਿਉਪਾਰੀ ਇਤਰ ਵਾਸਤੇ ,
ਕਿਸੇ ਦੀ ਰੱਤ ਨਿਚੋੜੇ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ**
**ਜ਼ਿਲ੍ਹਾ ਸੰਗਰੂਰ ।**
9914836037

## " ਪੰਜਾਬੀ "

ਪੱਗੜੀ ਸਾਡੀ, ਸ਼ਾਨ ਦਾ ਹਿੱਸਾ,
ਪੰਜਾਬ ਲਈ ਪੱਗੜੀ, ਮਾਣ ਦਾ ਹਿੱਸਾ,
ਸੱਚ ਜਾਣਿਓ, ਬੰਨ ਕੇ ਇਸ ਨੂੰ,
ਜਗ ਤੇ ਟੌਰ ਨਿਰਾਲੀ ਹੁੰਦੀ।
ਅਣਖਾਂ ਇੱਜ਼ਤਾਂ ਦੇ ਰਖਵਾਲੇ,
ਗੱਭਰੂ ਮਾਵਾਂ ਨੇ ਜੋ ਪਾਲੇ,
ਲੋੜਵੰਦਾਂ ਲਈ, ਲੰਗਰ ਲਾਉਂਦੇ ,
ਇਹ ਜਗਤ ਤੋਂ, ਕੌਮ ਨਿਰਾਲੀ ਹੁੰਦੀ ।
ਬਾਡਰਾਂ ਉੱਤੇ ਹਿੱਕਾਂ ਡਾਹੁਉਂਦੇ,
ਵੈਰੀਆਂ ਨੂੰ ਨੇ, ਮਾਰ ਮੁਕਾਉਂਦੇ,
ਚੜ੍ਹਦੀ ਕਲਾ ਦੇ, ਨਾਅਰੇ ਲਾਉਂਦੇ,
ਜਦੋਂ ਸਿੰਘਾਂ, ਕਮਾਣ, ਸੰਭਾਲੀ ਹੁੰਦੀ।
ਜਾਣ ਮੇਲੇ,ਪਾ ਕੇ ਕੁੜਤੇ-ਚਾਦਰੇ,
ਤੁਰਲੇ ਵਾਲੀਆਂ, ਪੱਗਾਂ ਬੰਨਦੇ,
ਨੱਚਣ-ਟੱਪਣ, ਲਾਉਂਦੇ ਛਿੰਝਾਂ,
ਤੂੰ ਵੇਖੀਂ, ਤੋਰ, ਨਿਰਾਲੀ ਹੁੰਦੀ।
ਰੱਜ ਕੇ ਖਾਵਣ,ਪੀਵਣ, ਜੀਵਣ ,
ਯਾਰੀ, ਵੈਰ, ਪੁਗਾਵਣ ਦਿਲ ਤੋਂ,
ਦੁੱਧ-ਲੱਸੀਆਂ ਦੇ, ਸ਼ੌਂਕੀਆਂ ਦੇ,ਹੱਥ,
ਘੱਟ ਹੀ ਕਦੇ, ਪਿਆਲੀ ਹੁੰਦੀ।
ਚੜ੍ਹ ਆਏ ਨੂੰ, ਲਾਉਂਦੇ ਸ਼ੋਧਾ,
ਸ਼ਰਨ ਆਏ ਨੂੰ,ਗਲ਼ ਨਾਲ਼ ਲਾਉਂਦੇ,
ਇੱਜਤਾਂ ਦੇ ਨੇ, ਸਿੰਘ ਰਖਵਾਲੇ,
ਖੜੀ ਧਰਨਿਆਂ ਲਈ, ਤਿਆਰ ਟਰਾਲੀ ਹੁੰਦੀ।
ਦਸਾਂ ਨੌਹਾਂ ਦੀ, ਮਿਹਨਤ ਕਰਦੇ,
ਮੁਲਕ ਪੂਰੇ ਦਾ, ਢਿੱਡ ਨੇ ਭਰਦੇ,
ਸੰਦੀਪ ਇਹ ਕਿਰਤੀ,ਮਿਹਨ ਕਰਦੇ,
ਤਾਹੀਓ ਸ਼ਾਨ, ਨਿਰਾਲੀ ਹੁੰਦੀ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:- 9815321017**

# ਰੁੱਖ


ਰੁੱਖ ਸਿਰਫ਼ ਲੱਕੜ ਨਹੀਂ ਹੁੰਦਾ,
ਉਹ ਧਰਤੀ ਦੀ ਲੰਮੀ ਉਮਰ ਦਾ
ਹਰਿਆ ਭਰਿਆ ਦਸਤਖ਼ਤ ਹੁੰਦਾ ਹੈ
ਮਿੱਟੀ ਦੇ ਸੀਨੇ ਵਿੱਚ ਗੱਡੀਆਂ
ਅਦਿੱਖ ਉਂਗਲਾਂ ਨਾਲ
ਸਮੇਂ ਦੀ ਨਬਜ਼ ਟਟੋਲਦਾ ਹੈ ਉਹ
ਉਸ ਦੀਆਂ ਜੜ੍ਹਾਂ—
ਧਰਤੀ ਦੇ ਅੰਦਰ ਲਿਖੀਆਂ
ਚੁੱਪ ਕਵਿਤਾਵਾਂ ਹਨ
ਜਿਨ੍ਹਾਂ ਨੂੰ ਕੇਵਲ ਮੀਂਹ ਹੀ ਪੜ੍ਹ ਸਕਦਾ ਹੈ
ਉਹ ਖੜ੍ਹਾ ਰਹਿੰਦਾ ਹੈ
ਜਿਵੇਂ ਕੋਈ ਸੰਤ
ਸਦੀਆਂ ਤੋਂ ਇੱਕੋ ਅਰਦਾਸ ਵਿੱਚ
ਲੀਨ ਹੋਵੇ
ਅਤੇ ਪੱਤੇ ਉਸ ਦੀ ਮਾਲਾ ਦੇ ਹਰੇ ਮਣਕੇ
ਹਵਾ ਦੇ ਹੋਠਾਂ ਉੱਤੇ
ਵਾਹਿਗੁਰੂ ਵਾਂਗ ਖੜਕਦੇ ਰਹਿੰਦੇ ਹਨ
ਰੁੱਖ ਧੁੱਪ ਦਾ ਅਨੁਵਾਦ ਕਰਦਾ ਹੈ
ਹਵਾ ਨੂੰ ਸਾਹ ਬਣਾਉਂਦਾ ਹੈ
ਪੰਛੀਆਂ ਦੇ ਡਰਾਂ ਪਰਾਂ ਨੂੰ
ਆਪਣੀ ਛਾਂ ਵਿੱਚ ਆਲ੍ਹਣਾ ਦਿੰਦਾ ਹੈ
ਜਦੋਂ ਕੋਈ ਥੱਕਿਆ ਮਨੁੱਖ
ਉਸ ਹੇਠ ਬਹਿੰਦਾ ਹੈ,
ਰੁੱਖ ਆਪਣੇ ਤਣੇ ਦੀਆਂ ਨਸਾਂ ਵਿੱਚੋਂ
ਇਕ ਅਦਿੱਖ ਠੰਡਕ
ਉਸ ਦੀ ਰੂਹ ਵਿੱਚ ਵਿਛਾਉਦਾ ਹੈ
ਕਿੰਨਾ ਅਜੀਬ ਹੈ—
ਮਨੁੱਖ ਤੁਰ ਸਕਦਾ ਹੈ
ਫਿਰ ਵੀ ਬੇਚੈਨ ਹੈ
ਰੁੱਖ ਤੁਰ ਨਹੀਂ ਸਕਦਾ,
ਫਿਰ ਵੀ ਅਸਮਾਨ ਤੱਕ ਪਹੁੰਚ ਜਾਂਦਾ ਹੈ
ਰੁੱਖ
ਧਰਤੀ ਦਾ ਉਹ ਫ਼ਕੀਰ ਹੈ
ਜੋ ਕਦੇ ਭਿੱਖ ਨਹੀਂ ਮੰਗਦਾ,
ਪਰ ਸਾਰੀ ਉਮਰ
ਛਾਂ, ਸਾਹ, ਫ਼ਲ, ਫੁੱਲ
ਅਤੇ ਚਿੜੀਆਂ ਦੇ ਘਰ ਵੰਡਦਾ ਹੈ
ਜਦੋਂ ਕੁਹਾੜੀ ਉਸ ਦੇ ਜਿਸਮ ਵਿੱਚ ਡੁੱਬਦੀ ਹੈ
ਤਾਂ ਕੇਵਲ ਲੱਕੜ ਨਹੀਂ ਚੀਰਦੀ—
ਉਹ ਮੌਸਮਾਂ ਦੀਆਂ ਰਗਾਂ ਕੱਟਦੀ ਹੈ
ਹਵਾਵਾਂ ਦੀ ਜ਼ਬਾਨ ਜਖ਼ਮੀ ਕਰਦੀ ਹੈ,
ਅਤੇ ਧਰਤੀ ਦੀਆਂ ਅੱਖਾਂ ਵਿੱਚ
ਬੁਰਾਦੇ ਵਰਗਾ ਦੁੱਖ ਭਰ ਦਿੰਦੀ ਹੈ
ਹਰ ਡਿੱਗਦਾ ਰੁੱਖ
ਅਸਲ ਵਿੱਚ ਇੱਕ ਖਾਮੋਸ਼
ਆਕਾਸ਼ ਦਾ ਕਤਲ ਹੁੰਦਾ ਹੈ
ਰੁੱਖਾਂ ਕੋਲ
ਕੋਈ ਸੰਸਦ ਨਹੀਂ ਫੌਜ ਨਹੀਂ
ਕੋਈ ਧਰਮ ਗ੍ਰੰਥ ਨਹੀਂ—
ਫਿਰ ਵੀ ਉਹ
ਸਭ ਤੋਂ ਵੱਡੇ ਦਾਰਸ਼ਨਿਕ ਹਨ
ਉਹ ਸਿਖਾਉਂਦੇ ਹਨ ਉੱਚਾ ਹੋਣਾ
ਅਸਮਾਨ ਨੂੰ ਛੂਹਣਾ ਨਹੀਂ
ਸਗੋਂ ਜੜ੍ਹਾਂ ਨੂੰ ਹੋਰ ਡੂੰਘਾ ਕਰਨਾ
ਅਤੇ ਅਖੀਰ ਵਿੱਚ
ਜਦੋਂ ਇੱਕ ਰੁੱਖ ਸੁੱਕ ਜਾਂਦਾ ਹੈ
ਉਹ ਮਰਦਾ ਨਹੀਂ—
ਉਹ ਆਪਣੇ ਅੰਦਰ ਸੰਭਾਲਿਆ ਹੋਇਆ ਸਾਰਾ ਸੂਰਜ
ਲੱਕੜ ਦੀਆਂ ਰਗਾਂ ਵਿੱਚ ਰੱਖ ਕੇ
ਚੁੱਪਚਾਪ ਅੱਗ ਨੂੰ ਵਾਰਸ ਬਣਾ ਜਾਂਦਾ ਹੈ




**ਅਮਰਜੀਤ ਟਾਂਡਾ /61 412913021**

# ਲੱਭਦੇ ਰਹਿ ਜਾਓਗੇ

ਭਲਾਈ ਕਰਨ ਦਾ ਐਹਸਾਨ
ਬਚਪਨ ਦੀ ਮੁਸਕਾਨ
ਰਿਸ਼ਤਿਆਂ ਦੀ ਪਛਾਣ
ਅਖਾੜੇ ਦਾ ਪਹਿਲਵਾਨ
ਲੱਭਦੇ ਰਹਿ ਜਾਓਗੇ।
ਗੁਰੂਆਂ ਦਾ ਗਿਆਨ
ਸਾਧੂ ਸੰਤਾਂ ਦੀ ਸ਼ਾਨ
ਘਰ ਆਇਆ ਮਹਿਮਾਨ
ਸਰੀਰ ਵਿੱਚ ਚੰਗੀ ਜਾਨ
ਲੱਭਦੇ ਰਹਿ ਜਾਓਗੇ।
ਰਾਜਨੇਤਾਵਾਂ ਦੀ ਸੇਵਾ
ਮਿਹਨਤ ਦਾ ਮੇਵਾ
ਜਿੰਮੇਵਾਰੀ ਦਾ ਲੇਵਾ
ਹਮਦਰਦੀ ਦਾ ਦੇਵਾ
ਲੱਭਦੇ ਰਹਿ ਜਾਓਗੇ।
ਵੱਡਿਆਂ ਦੀ ਫਟਕਾਰ
ਵਪਾਰ ਵਿੱਚ ਇਕਰਾਰ
ਨਸ਼ੇ ਤੋਂ ਇਨਕਾਰ
ਲੱਭਦੇ ਰਹਿ ਜਾਓਗੇ।
ਆਦਮੀ ਦੀ ਇਮਾਨਦਾਰੀ
ਕਿਸਾਨ ਦੀ ਜਿਮੀਦਾਰੀ
ਬਿਮਾਰ ਦੀ ਤਿਮਾਰਦਾਰੀ
ਔਰਤ ਹੋਵੇ ਵਿਚਾਰੀ
ਲੱਭਦੇ ਰਹਿ ਜਾਓਗੇ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 9045**
**ਰੋਹਤਕ ਹਰਿਆਣਾ**



# ਹਰ ਸ਼ੁਕਰਵਾਰ ਡੇਂਗੂ ਤੇ ਐਕਟੀਵਿਟੀ ਸਿਵਲ ਹਸਪਤਾਲ ਬੰਗਾ ਵਿਖੇ ਕੀਤੀ ਗਈ

**ਬੰਗਾ( ਚਰਨਜੀਤ ਸੱਲ੍ਹਾ )** ਸ਼ਹੀਦ ਭਗਤ ਸਿੰਘ ਨਗਰ ਦੇ ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਅਤੇ ਸਿਵਲ ਹਸਪਤਾਲ ਬੰਗਾ ਦੇ ਐਸ ਐਮ ਓ ਡਾ ਜਸਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਸਿਵਲ ਹਸਪਤਾਲ ਬੰਗਾ ਅਤੇ ਸ਼ਹਿਰ ਦੇ ਅਲੱਗ ਜ਼ਿਲ੍ਹਾ ਅਲੱਗ ਮੁਹੱਲਿਆਂ ਵਿੱਚ ਡੇਂਗੂ ਐਕਟੀਵਿਟੀ ਕੀਤੀ ਗਈ। ਜਿਸ ਵਿੱਚ ਖਾਲੀ ਪਲਾਟਾਂ ਵਿੱਚ ਪਰਮਾਨੈਟ ਵਾਟਰ ਲੋਗਡ ਲੋਕੇਸ਼ਨ ਅਤੇ ਹਾਈ ਰਿਸਕ ਲੋਕੇਸ਼ਨ ਤੇ ਡੇਂਗੂ ਐਕਟੀਵਿਟੀ ਕੀਤੀ ਗਈ। ਇਸ ਵਿੱਚ ਦੱਸਿਆ ਗਿਆ ਕਿ ਹਰ ਸ਼ੁਕਰਵਾਰ ਕੂਲਰ ਸਾਫ਼ ਕਰਕੇ



ਪਾਣੀ ਪਾਉਣਾ ਚਾਹੀਦਾ ਹੈ, ਫਰਿਜ਼ ਦੀ ਬਾਈਕ ਸਾਈਡ ਤੇ ਟਰੇਅ ਸਾਫ਼ ਕਰਨੀ, ਘਰ ਦੀਆਂ ਛੱਤਾਂ ਤੇ ਵਾਧੂ ਸਮਾਂਨ ਜਿਵੇਂ ਟਾਇਰ,ਮੱਗ,ਟੱਬ ਅਤੇ ਹੋਰ ਸਮਾਨ ਨਹੀਂ ਰੱਖਣਾ ਚਾਹੀਦਾ । ਗਲੀਆਂ ਨਾਲੀਆਂ ਸਫ਼ਾਈ ਕਰਨੀ ਚਾਹੀਦੀ ਹੈ , ਬੁਖਾਰ ਹੋਣ ਤੇ ਸਰਕਾਰੀ ਹਸਪਤਾਲ ਵਿੱਚ ਇਸ ਦੀ ਜਾਂਚ ਕਰਾਉਣੀ ਚਾਹੀਦੀ ਹੈ ਜਿਸਦਾ ਇਲਾਜ ਫਰੀ ਕੀਤਾ ਜਾਂਦਾ ਹੈ। ਇਸ ਵਿੱਚ ਡਾ ਬਲਜਿੰਦਰ ਕੁਮਾਰ ,ਡਾ ਰਵਨੀਤ ਕੌਰ,ਡਾ ਲਵਲੀਨ ਕੌਰ, ਮੈਡਮ ਮਨਜੀਤ ਕੌਰ , ਰਣਯੋਧ ਸਿੰਘ, ਦਰਬਾਰਾ ਸਿੰਘ, ਆਸਾਂ ਵਰਕਰ,ਬਰੀਡਿੰਗ ਚੈਕਰ, ਢਾਹਾਂ ਕਲੇਰਾਂ ਹਸਪਤਾਲ ਦੇ ਸਟੂਡੈਂਟਾਂ ਨੇ ਡਿਊਟੀ ਨਿਭਾਈ।

# ਜ਼ਿਲ੍ਹੇ ਦੇ ਸਮੂਹ 1563 ਪੋਲਿੰਗ ਸਟੇਸ਼ਨਾਂ 'ਤੇ ਦੋ ਦਿਨਾਂ ਐਸ.ਆਈ.ਆਰ. ਕੈਂਪ ਸਫ਼ਲਤਾਪੂਰਵਕ ਸੰਪੰਨ

## ਕੈਂਪਾਂ ਦੌਰਾਨ ਜ਼ਿਲੇ ‘ਚ 92318 ਗਿਣਤੀ ਫਾਰਮ ਹੋਏ ਪ੍ਰਾਪਤ, ਡਿਜੀਟਾਈਜੇਸ਼ਨ ਮੁਕੰਮਲ – ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ‘ਤੇ ਚੱਲ ਰਹੀ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ ਤਹਿਤ ਜਿਲੇ ਦੇ ਸਾਰੇ ਸਟੇਸ਼ਨਾਂ 'ਤੇ ਸ਼ਨੀਵਾਰ ਅਤੇ ਐਤਵਾਰ ਨੂੰ ਲਾਏ ਗਏ ਦੋ ਦਿਨਾਂ ਕੈਂਪ ਵਿੱਚ ਵੋਟਰਾਂ ਦੀ ਭਾਰੀ ਸ਼ਮੂਲੀਅਤ ਨਾਲ ਸ ਫ਼ ਲ ਤਾ ਪੂ ਰ ਵ ਕ ਸਮਾਪਤੀ ਹੋਈ। ਕੈਂਪ ਦੇ ਆਖਰੀ ਦਿਨ ਵੀ ਵੱਡੀ ਗਿਣਤੀ ਵਿੱਚ ਵੋਟਰ ਆਪਣੇ ਗਿਣਤੀ ਫਾਰਮ ਜਮ੍ਹਾਂ ਕਰਵਾਉਣ ਲਈ ਪੋਲਿੰਗ ਸਟੇਸ਼ਨਾਂ 'ਤੇ ਪਹੁੰਚ ਕੇ ਆਪਣੀ ਬੋਟ ਬਣਾਉਣ ਨੂੰ ਯਕੀਨੀ ਬਣਾਇਆ । ਜ਼ਿਲੇ ਦੇ ਸਾਰੇ ਪੋਲਿੰਗ ਸਟੇਸ਼ਨਾਂ ‘ਤੇ ਬੂਥ ਲੈਵਲ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਵੋਟਰਾਂ ਨੇ ਆਪਣੀਆਂ ਵੋਟਾਂ ਲਈ ਗਿਣਤੀ ਫਾਰਮ ਜਮਾਂ ਕਰਵਾਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ 11 ਅਤੇ 12 ਜੁਲਾਈ ਨੂੰ ਲਗਾਏ ਗਏ ਇਹ ਵਿਸ਼ੇਸ਼ ਕੈਂਪ ਗਿਣਤੀ ਫਾਰਮਾਂ ਦੀ ਪ੍ਰਾਪਤੀ ਅਤੇ ਉਨ੍ਹਾਂ ਦੇ ਡਿਜੀਟਾਈਜ਼ੇਸ਼ਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਉਦੇਸ਼ ਨਾਲ ਲਾਏ ਗਏ। ਉਨ੍ਹਾ ਦੱਸਿਆ ਕਿ ਕੈਂਪਾਂ ਦੌਰਾਨ ਜ਼ਿਲੇ ‘ਚ ਕੁੱਲ 92318 ਗਿਣਤੀ ਫਾਰਮ ਹੋਏ ਪ੍ਰਾਪਤ ਜਿਨ੍ਹਾਂ ਦੀ ਚੋਣ ਅਮਲੇ ਵੱਲੋਂ ਡਿਜੀਟਾਈਜੇਸ਼ਨ ਮੁਕੰਮਲ ਨੂੰ ਮੁਕੰਮਲ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬੂਥ ਲੈਵਲ ਅਫ਼ਸਰ



(ਬੀ.ਐਲ.ਓ.) ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ 'ਤੇ ਮੌਜੂਦ ਰਹੇ ਅਤੇ ਵੋਟਰਾਂ ਨੂੰ ਫਾਰਮ ਭਰਨ, ਜਮ੍ਹਾਂ ਕਰਵਾਉਣ ਅਤੇ ਉਨ੍ਹਾਂ ਦੇ ਡਿਜੀਟਾਈਜ਼ੇਸ਼ਨ ਨੂੰ ਯਕੀਨੀ ਬਣਾਇਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਨ੍ਹਾਂ ਖੇਤਰਾਂ ਵਿੱਚ ਵੱਡੀ ਗਿਣਤੀ ਵਿੱਚ ਫਾਰਮ ਇਕੱਠੇ ਹੋ ਚੁੱਕੇ ਸਨ ਪਰ ਡਿਜੀਟਾਈਜ਼ੇਸ਼ਨ ਬਾਕੀ ਸੀ, ਉੱਥੇ ਫਾਰਮਾਂ ਦੇ ਡਿਜੀਟਾਈਜ਼ੇਸ਼ਨ ਨੂੰ ਤਰਜੀਹ ਦਿੱਤੀ ਗਈ ਅਤੇ ਨਾਲ ਹੀ ਬਾਕੀ ਰਹਿੰਦੇ ਫਾਰਮ ਵੀ ਇਕੱਠੇ ਕੀਤੇ ਗਏ। ਇਸੇ ਤਰ੍ਹਾਂ ਜਿਨ੍ਹਾਂ ਪੋਲਿੰਗ ਸਟੇਸ਼ਨਾਂ 'ਤੇ ਘੱਟ ਗਿਣਤੀ ਵਿੱਚ ਫਾਰਮ ਪ੍ਰਾਪਤ ਹੋਏ ਸਨ, ਉੱਥੇ ਬੀ.ਐਲ.ਓਜ਼ ਵੱਲੋਂ ਫਾਰਮਾਂ ਦੀ ਪ੍ਰਾਪਤੀ ਅਤੇ ਡਿਜੀਟਾਈਜ਼ੇਸ਼ਨ ਦਾ ਕੰਮ ਇੱਕੋ ਸਮੇਂ ਕੀਤਾ ਗਿਆ ਤਾਂ ਜੋ ਸਮੁੱਚੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾ ਸਕੇ। ਆਸ਼ਿਕਾ ਜੈਨ ਨੇ ਅੱਗੇ ਦੱਸਿਆ ਕਿ ਕੈਂਪਾਂ ਦੇ ਸੁਚਾਰੂ ਸੰਚਾਲਨ ਲਈ ਸਬੰਧਤ ਸਕੂਲਾਂ ਦੇ ਸਟਾਫ਼, ਮਾਲ ਵਿਭਾਗ ਦੇ ਪਟਵਾਰੀਆਂ, ਆਂਗਣਵਾੜੀ ਵਰਕਰਾਂ, ਸੁਪਰਵਾਈਜ਼ਰਾਂ ਅਤੇ ਏ.ਐਲ.ਐਮ.ਟੀ./ਡੀ.ਐਲ.ਐਮ .ਟੀ. ਕਰਮਚਾਰੀਆਂ ਨੇ ਵੀ ਬੀ.ਐਲ.ਓਜ਼ ਦੇ ਨਾਲ ਮਿਲ ਕੇ ਡਿਊਟੀ ਨਿਭਾਈ। ਉਨ੍ਹਾਂ ਵੱਲੋਂ ਵੋਟਰਾਂ ਨੂੰ ਗਿਣਤੀ ਫਾਰਮ ਸਹੀ ਢੰਗ ਨਾਲ ਭਰਨ ਅਤੇ ਉਨ੍ਹਾਂ ਦੇ ਤੁਰੰਤ ਡਿਜੀਟਾਈਜ਼ੇਸ਼ਨ ਵਿੱਚ ਸਹਾਇਤਾ ਪ੍ਰਦਾਨ ਕੀਤੀ ਗਈ। ਉਨ੍ਹਾਂ ਇਹ ਵੀ ਦੱਸਿਆ ਕਿ ਕੈਂਪਾਂ ਦੌਰਾਨ ਐੱਸ.ਡੀ.ਐੱਮਜ਼ ਅਤੇ ਹੋਰ ਅਧਿਕਾਰੀਆਂ ਵੱਲੋਂ ਵੱਖ-ਵੱਖ ਕੈਂਪਾਂ ਦਾ ਨਿਰੀਖਣ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਜ਼ਿਲ੍ਹਾ ਚੋਣ ਅਫ਼ਸਰ ਨੇ ਵੋਟਰਾਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸਹੀ, ਅਤੇ ਗਲਤੀ-ਰਹਿਤ ਵੋਟਰ ਸੂਚੀ ਤਿਆਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਬਿੰਜੋਂ ਪਿੰਡ ਵਿੱਚ ਡਿਪਟੀ ਸਪੀਕਰ ਵੱਲੋਂ 33 ਲੱਖ ਰੁਪਏ ਦੇ ਖੇਡ ਮੈਦਾਨ ਦੇ ਨਵੀਨੀਕਰਨ ਪ੍ਰੋਜੈਕਟ ਦਾ ਨੀਂਹ ਪੱਥਰ





**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਨੇ ਪਿੰਡ ਬਿੰਜੋਂ ਵਿਖੇ ਕਰਵਾਈ ਲੋਕ ਮਿਲਣੀ ਦੌਰਾਨ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਜਲਦ ਹੱਲ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਨੇ ਪਿੰਡ ਦੇ ਸਰਵਪੱਖੀ ਵਿਕਾਸ ਨੂੰ ਹੋਰ ਗਤੀ ਦਿੰਦਿਆਂ 33 ਲੱਖ ਰੁਪਏ ਦੀ ਲਾਗਤ ਨਾਲ ਖੇਡ ਮੈਦਾਨ ਦੇ ਨਵੀਨੀਕਰਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ, ਜਿਸ ਨਾਲ ਪਿੰਡ ਦੇ ਨੌਜਵਾਨਾਂ ਅਤੇ ਖੇਡ ਪ੍ਰੇਮੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਨਵੀਨੀਕਰਨ ਉਪਰੰਤ ਮੈਦਾਨ ਵਿੱਚ ਦੌੜ ਟਰੈਕ ਸਮੇਤ ਆਧੁਨਿਕ ਖੇਡ ਸਹੂਲਤਾਂ ਵਿਕਸਿਤ ਕੀਤੀਆਂ ਜਾਣਗੀਆਂ, ਤਾਂ ਜੋ ਪਿੰਡ ਦੇ ਖਿਡਾਰੀਆਂ ਨੂੰ ਆਪਣੇ ਹੀ ਪਿੰਡ ਵਿੱਚ ਸ਼ਹਿਰਾਂ ਵਰਗੀਆਂ ਸੁਵਿਧਾਵਾਂ ਪ੍ਰਾਪਤ ਹੋ ਸਕਣ। ਡਿਪਟੀ ਸਪੀਕਰ ਨੇ ਮੌਕੇ ’ਤੇ ਹੀ ਸਬੰਧਤ ਅਧਿਕਾਰੀਆਂ ਨੂੰ ਲੋਕਾਂ ਦੀਆਂ ਜਾਇਜ਼ ਮੰਗਾਂ ਦੇ ਤੁਰੰਤ ਨਿਪਟਾਰੇ ਲਈ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਸਰਕਾਰ ਦੀ ਮੁੱਖ ਤਰਜੀਹ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਗੜ੍ਹਸ਼ੰਕਰ ਹਲਕੇ ਦੇ ਹਰ ਪਿੰਡ ਵਿੱਚ ਵਿਕਾਸ ਕਾਰਜ ਇਸੇ ਤੇਜ਼ੀ ਨਾਲ ਜਾਰੀ ਰਹਿਣਗੇ ਅਤੇ ਕਿਸੇ ਵੀ ਪਿੰਡ ਨੂੰ ਵਿਕਾਸ ਪੱਖੋਂ ਪਿੱਛੇ ਨਹੀਂ ਰਹਿਣ ਦਿੱਤਾ ਜਾਵੇਗਾ। ਪਿੰਡ ਵਾਸੀਆਂ ਨੇ ਖੇਡ ਮੈਦਾਨ ਦੇ ਨਵੀਨੀਕਰਨ ਦੀ ਲੰਬੇ ਸਮੇਂ ਤੋਂ ਲਟਕਦੀ ਮੰਗ ਪੂਰੀ ਕਰਨ ਲਈ ਡਿਪਟੀ ਸਪੀਕਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਨੌਜਵਾਨਾਂ ਨੂੰ ਖੇਡਾਂ ਵਿੱਚ ਨਵੀਆਂ ਉਚਾਈਆਂ ਛੂਹਣ ਦਾ ਮੌਕਾ ਮਿਲੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਪੰਚਾਇਤ ਨੁਮਾਇੰਦੇ, ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# "ਜਦੋਂ ਬੱਚਿਆਂ ਵਿੱਚ ਹੋਵੇ ਢੁੱਕਵਾਂ ਅੰਤਰਾਲ, ਪਰਿਵਾਰ ਹੋਵੇ ਤੰਦਰੁਸਤ ਅਤੇ ਖੁਸ਼ਹਾਲ" : ਡਾ. ਮਨਦੀਪ,ਡਾ ਨਵਜੋਤ,ਡਾ ਨੇਹਾ ਪਾਲ

## ਵਿਸ਼ਵ ਆਬਾਦੀ ਦਿਵਸ ਮੌਕੇ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪੱਧਰੀ ਸੈਮੀਨਾਰ ਆਯੋਜਿਤ

**ਹੁਸ਼ਿਆਰਪੁਰ, 13 ਜੁਲਾਈ ( ਤਰਸੇਮ ਦੀਵਾਨਾ )** - ਵਿਸ਼ਵ ਆਬਾਦੀ ਦਿਵਸ ਮੌਕੇ 11 ਤੋਂ 18 ਜੁਲਾਈ ਤੱਕ ਮਨਾਏ ਜਾ ਰਹੇ ਵਿਸ਼ੇਸ਼ ਜਾਗਰੂਕਤਾ ਹਫ਼ਤੇ ਤਹਿਤ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਜੱਚਾ-ਬੱਚਾ ਵਾਰਡ ਵਿਖੇ ਜ਼ਿਲ੍ਹਾ ਪੱਧਰੀ ਸੈਮੀਨਾਰ ਕਰਵਾਇਆ ਗਿਆ। ਇਸ ਸਾਲ ਵਿਸ਼ਵ ਆਬਾਦੀ ਦਿਵਸ ਦਾ ਥੀਮ "ਜਦੋਂ ਬੱਚਿਆਂ ਵਿੱਚ ਹੋਵੇ ਢੁੱਕਵਾਂ ਅੰਤਰਾਲ, ਪਰਿਵਾਰ ਹੋਵੇ ਤੰਦਰੁਸਤ ਅਤੇ ਖੁਸ਼ਹਾਲ" ਰਿਹਾ। ਸੈਮੀਨਾਰ ਦਾ ਉਦੇਸ਼ ਆਮ ਲੋਕਾਂ ਨੂੰ ਪਰਿਵਾਰ ਨਿਯੋਜਨ, ਜਨਮਾਂ ਵਿੱਚ ਉਚਿਤ ਅੰਤਰਾਲ, ਮਾਤਾ ਅਤੇ ਬੱਚੇ ਦੀ ਸਿਹਤ ਅਤੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਉਪਲਬਧ ਮੁਫ਼ਤ ਪਰਿਵਾਰ ਭਲਾਈ ਸੇਵਾਵਾਂ ਬਾਰੇ ਜਾਗਰੂਕ ਕਰਨਾ ਸੀ। ਸਮਾਗਮ ਦੇ ਮੁੱਖ ਮਹਿਮਾਨ ਸਿਵਲ ਸਰਜਨ ਡਾ. ਮਨਦੀਪ ਕਮਲ ਸਨ, ਜਦਕਿ ਵਿਸ਼ੇਸ਼ ਮਹਿਮਾਨ ਡਾ. ਰਣਜੀਤ ਸਿੰਘ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਵਜੋਂ ਸ਼ਾਮਲ ਹੋਏ। ਸਮਾਗਮ ਦਾ ਆਯੋਜਨ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਡਾ. ਨਵਜੋਤ ਸਿੰਘ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਨੇਹਾ ਪਾਲ ਵੱਲੋਂ ਕੀਤਾ ਗਿਆ।

ਆਪਣੇ ਸੰਬੋਧਨ ਵਿੱਚ ਸਿਵਲ ਸਰਜਨ ਡਾ. ਮਨਦੀਪ ਕਮਲ ਨੇ ਕਿਹਾ ਕਿ ਵੱਧ ਰਹੀ ਆਬਾਦੀ ਦੇ ਨਾਲ-ਨਾਲ ਸਿਹਤ ਸੇਵਾਵਾਂ, ਸਿੱਖਿਆ, ਰੋਜ਼ਗਾਰ ਅਤੇ ਕੁਦਰਤੀ ਸਰੋਤਾਂ 'ਤੇ ਵੀ ਦਬਾਅ ਵੱਧਦਾ ਹੈ। ਇਸ ਲਈ ਹਰ ਜੋੜੇ ਨੂੰ ਜ਼ਿੰਮੇਵਾਰ ਮਾਤਾ-ਪਿਤਾ ਬਣਦਿਆਂ ਪਰਿਵਾਰ ਨਿਯੋਜਨ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੋ ਬੱਚਿਆਂ ਵਿਚਕਾਰ ਘੱਟੋ-ਘੱਟ ਤਿੰਨ ਸਾਲ ਦਾ ਅੰਤਰ ਰੱਖਣ ਨਾਲ ਮਾਂ ਦੀ ਸਿਹਤ ਬਿਹਤਰ ਰਹਿੰਦੀ ਹੈ, ਬੱਚੇ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਵਧੀਆ ਹੁੰਦਾ ਹੈ ਅਤੇ ਪਰਿਵਾਰ ਆਰਥਿਕ ਅਤੇ ਸਮਾਜਿਕ ਤੌਰ 'ਤੇ ਵੀ ਮਜ਼ਬੂਤ ਬਣਦਾ ਹੈ। ਉਨ੍ਹਾਂ ਸਿਹਤ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਪਰਿਵਾਰ ਨਿਯੋਜਨ ਸੇਵਾਵਾਂ ਨੂੰ ਹਰ ਯੋਗ ਜੋੜੇ ਤੱਕ ਪਹੁੰਚਾਉਣ ਲਈ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ। ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਰਣਜੀਤ ਸਿੰਘ ਨੇ ਕਿਹਾ ਕਿ ਪਰਿਵਾਰ ਨਿਯੋਜਨ ਸਿਰਫ਼ ਆਬਾਦੀ ਨਿਯੰਤਰਣ ਦਾ ਵਿਸ਼ਾ ਨਹੀਂ, ਸਗੋਂ ਮਾਤਾ ਅਤੇ ਬੱਚੇ ਦੀ ਸਿਹਤ, ਪਰਿਵਾਰ ਦੀ ਖੁਸ਼ਹਾਲੀ ਅਤੇ ਸਮਾਜ ਦੇ ਟਿਕਾਊ ਵਿਕਾਸ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਯੋਗ ਜੋੜਿਆਂ ਨੂੰ ਜਨਮ ਵਿੱਚ ਅੰਤਰਾਲ ਰੱਖਣ ਵਾਲੇ ਸਾਧਨਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਜਨਮਾਂ ਵਿੱਚ ਉਚਿਤ ਅੰਤਰਾਲ ਰੱਖਣ ਨਾਲ ਅਕਾਲ ਜਨਮ, ਘੱਟ ਵਜ਼ਨ ਵਾਲੇ ਬੱਚਿਆਂ ਦਾ ਜਨਮ, ਮਾਤਾ ਵਿੱਚ ਖੂਨ ਦੀ ਕਮੀ ਅਤੇ ਹੋਰ ਜਟਿਲਤਾਵਾਂ ਦੇ ਖਤਰੇ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਉਨ੍ਹਾਂ ਸਰਕਾਰ ਵੱਲੋਂ ਮੁਫ਼ਤ ਉਪਲਬਧ ਪਰਿਵਾਰ ਨਿਯੋਜਨ ਸਾਧਨਾਂ ਜਿਵੇਂ ਅੰਤਰਾ ਇੰਜੈਕਸ਼ਨ, ਛਾਇਆ ਗੋਲੀਆਂ, ਕਾਪਰ-ਟੀ, ਪੀ.ਪੀ.ਆਈ.ਯੂ.ਸੀ.ਡੀ., ਨਿਰੋਧ (ਕੰਡੋਮ), ਮਾਲਾ-ਐਨ ਗੋਲੀਆਂ ਅਤੇ ਹੋਰ ਪਰਿਵਾਰ ਭਲਾਈ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਯੋਗ ਜੋੜੇ ਆਪਣੀ ਸਿਹਤ ਅਤੇ ਲੋੜ ਅਨੁਸਾਰ ਸੁਰੱਖਿਅਤ ਅਤੇ ਵਿਗਿਆਨਕ ਪਰਿਵਾਰ ਨਿਯੋਜਨ ਸਾਧਨਾਂ ਦੀ ਚੋਣ ਕਰਨ ਅਤੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਉਪਲਬਧ ਮੁਫ਼ਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ। ਇਸ ਮੌਕੇ ਮਹਿਲਾ ਰੋਗਾਂ ਦੇ ਮਾਹਿਰ ਡਾ. ਪਰਵਾਜ਼ ਨੇ ਪਰਿਵਾਰ ਨਿਯੋਜਨ ਦੇ ਅਸਥਾਈ ਅਤੇ ਸਥਾਈ ਸਾਧਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਵਿਆਹ ਤੋਂ ਤੁਰੰਤ ਬਾਅਦ ਜਾਂ ਦੋ ਬੱਚਿਆਂ ਦੇ ਵਿਚਕਾਰ ਉਚਿਤ ਅੰਤਰਾਲ ਰੱਖਣ ਲਈ ਅਸਥਾਈ ਸਾਧਨ ਸਭ ਤੋਂ ਵਧੀਆ ਵਿਕਲਪ ਹਨ, ਜਦਕਿ ਪਰਿਵਾਰ ਪੂਰਾ ਹੋਣ ਉਪਰੰਤ ਸਥਾਈ ਸਾਧਨਾਂ ਨੂੰ ਅਪਣਾਇਆ ਜਾ ਸਕਦਾ ਹੈ। ਉਨ੍ਹਾਂ ਹਾਜ਼ਰ ਜੋੜਿਆਂ ਨੂੰ ਸਲਾਹ ਦਿੱਤੀ ਕਿ ਕਿਸੇ ਵੀ ਸਾਧਨ ਦੀ ਵਰਤੋਂ ਕਰਨ ਤੋਂ ਪਹਿਲਾਂ ਸਿਹਤ ਮਾਹਿਰ ਦੀ ਸਲਾਹ ਜ਼ਰੂਰ ਲਈ ਜਾਵੇ। ਡਾ. ਨਵਜੋਤ ਸਿੰਘ ਅਤੇ ਡਾ. ਨੇਹਾ ਪਾਲ, ਸੀਨੀਅਰ ਮੈਡੀਕਲ ਅਫ਼ਸਰ, ਸਿਵਲ ਹਸਪਤਾਲ ਹੁਸ਼ਿਆਰਪੁਰ ਨੇ ਪਰਿਵਾਰ ਨਿਯੋਜਨ ਸੇਵਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਯੋਗ ਜੋੜਿਆਂ ਨੂੰ ਮੁਫ਼ਤ ਸਲਾਹ, ਦਵਾਈਆਂ ਅਤੇ ਪਰਿਵਾਰ ਨਿਯੋਜਨ ਸਾਧਨ ਉਪਲਬਧ ਕਰਵਾਏ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫ਼ਵਾਹਾਂ ਅਤੇ ਭਰਮਾਂ ਤੋਂ ਦੂਰ ਰਹਿ ਕੇ ਵਿਗਿਆਨਕ ਅਤੇ ਸੁਰੱਖਿਅਤ ਪਰਿਵਾਰ ਨਿਯੋਜਨ ਸਾਧਨਾਂ ਨੂੰ ਅਪਣਾਉਣ। ਸੈਮੀਨਾਰ ਦੌਰਾਨ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਵੱਲੋਂ ਵਿਸ਼ਵ ਆਬਾਦੀ ਦਿਵਸ ਦੇ ਵਿਸ਼ੇ 'ਤੇ ਪ੍ਰਭਾਵਸ਼ਾਲੀ ਚਾਰਟ ਅਤੇ ਜਾਗਰੂਕਤਾ ਪ੍ਰਦਰਸ਼ਨੀ ਲਗਾਈ ਗਈ। ਵਧੀਆ ਚਾਰਟ ਤਿਆਰ ਕਰਨ ਵਾਲੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗਾਇਨੀ ਡਾ. ਮਨਦੀਪ ਕੌਰ ਅਤੇ ਡਾ. ਮੰਜਰੀ ਅਰੋੜਾ, ਬੱਚਿਆਂ ਦੇ ਮਾਹਰ ਡਾ. ਹਰਨੂਰਜੀਤ ਕੌਰ ਅਤੇ ਡਾ. ਸੁਪ੍ਰੀਤ ਕੌਰ, ਜ਼ਿਲਾ ਮਾਸ ਮੀਡੀਆ ਅਫਸਰ ਰਮਨਦੀਪ ਕੌਰ, ਬੀ.ਈ.ਈ. ਰੋਹਿਤ ਸ਼ਰਮਾ, ਆਈ.ਸੀ.ਐਨ. ਹਰਪ੍ਰੀਤ ਕੌਰ, ਸਿਹਤ ਵਿਭਾਗ ਦੇ ਹੋਰ ਅਧਿਕਾਰੀ, ਪੈਰਾਮੈਡੀਕਲ ਸਟਾਫ਼ ਅਤੇ ਵਿਦਿਆਰਥੀ ਹਾਜ਼ਿਰ ਸਨ।



**ਫੋਟੋ ਅਜਮੇਰ ਦੀਵਾਨਾ**

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਸਾਬਕਾ ਵਿਦਿਆਰਥੀਆਂ ਨੇ ਕੀਤੀ ਨਵੀਂ ਬਣੀ ਪ੍ਰਿੰਸੀਪਲ ਡਾ ਇੰਦੂ ਰੱਤੀ ਨਾਲ ਮੁਲਾਕਾਤ

**ਬੰਗਾ (ਸਤਨਾਮ ਸਿੰਘ ਸਹੂੰਗੜਾ)** ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਕਾਲਜ ਦੇ ਸਾਬਕਾ ਵਿਦਿਆਰਥੀ ਅਤੇ ਅਧਿਆਪਕ ਡਾ. ਸੋਹਣ ਸਿੰਘ ਝਿੱਕਾ (ਐਸੋਸੀਏਟ ਪ੍ਰੋਫ਼ੈਸਰ, ਦਿੱਲੀ ਯੂਨੀਵਰਸਿਟੀ)ਅਤੇ ਮੈਡਮ ਪੂਨਮ (ਲਾਇਬ੍ਰੇਰੀਅਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰੀਜ਼ਨਲ ਕੈਂਪਸ, ਜਲੰਧਰ) ਵੱਲੋਂ ਕਾਲਜ ਦੇ ਨਵ - ਨਿਯੁਕਤ ਕਾਰਜਕਾਰੀ ਪ੍ਰਿੰਸੀਪਲ ਡਾ.ਇੰਦੂ ਰੱਤੀ ਜੀ ਨਾਲ ਇੱਕ ਨਿੱਘੀ ਮਿਲਣੀ ਕੀਤੀ ਗਈ। ਫੁੱਲਾਂ ਨਾਲ ਸਵਾਗਤ ਕਰਦਿਆਂ ਉਹਨਾਂ ਨੇ ਡਾ.ਇੰਦੂ ਰੱਤੀ ਜੀ ਨੂੰ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਣ 'ਤੇ ਦਿਲੀ ਮੁਬ-ਾਰਕਬਾਦ ਦਿੱਤੀ ਅਤੇ ਆਪਣੇ ਵਿਦਿਆਰਥੀ ਅਤੇ ਅਧਿਆਪਨ ਜੀਵਨ ਦੇ ਅਨੁਭਵ ਸਾਂਝੇ ਕੀਤੇ। ਡਾ.ਇੰਦੂ ਰੱਤੀ ਨੇ ਉਹਨਾਂ ਦਾ ਧੰਨਵਾਦ ਕਰਦਿਆ ਕਿਹਾ ਕਿ ਕਾਲਜ ਅਤੇ ਇਲਾਕੇ ਨੂੰ ਹਮੇਸ਼ਾ ਆਪਣੇ ਸੁਹਿਰਦ ਅਤੇ ਅਗਾਂਹਵਧੂ ਵਿਦਿਆਰਥੀਆਂ' ਅਤੇ ਅਧਿਆਪਕਾਂ ਤੇ ਹਮੇਸ਼ਾ ਮਾਣ ਰਿਹਾ ਹੈ। ਜਿਨ੍ਹਾਂ ਦੀਆਂ ਉਪਲੱਬਧੀਆਂ ਸਦਕਾ ਕਾਲਜ ਦੇ ਅਕਾਦਮਿਕ ਮਿਆਰ ਵਿੱਚ ਦਿਨ ਬ ਦਿਨ ਵਾਧਾ ਹੋ ਰਿਹਾ ਹੈ।



# ਗੁਰਦੁਆਰਾ ਟਾਹਲੀਆਣਾ ਸਾਹਿਬ ਵਿਖੇ (ਬਾਬੇ ਸੱਜਣ ਦਾ ਖੂਹ) 14 ਜੁਲਾਈ ਨੂੰ ਮੱਸਿਆ ਦਾ ਪਵਿੱਤਰ ਦਿਹਾੜਾ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਬਾਬਾ ਨਰਿੰਦਰ ਸਿੰਘ ਜੀ ਕਾਰ ਸੇਵਾ ਵਾਲੇ ਤੇ ਬਾਬਾ ਬਲਵਿੰਦਰ ਸਿੰਘ ਜੀ ਹਜ਼ੂਰ ਸਾਹਿਬ ਵਾਲੇ ਅਤੇ ਗੁਰਦੁਆਰਾ ਟਾਹਲੀਆਣਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਬਾਬਾ ਗੁਰਜੀਤ ਸਿੰਘ ਕਾਰ ਸੇਵਾ ਵਾਲਿਆਂ ਦੀ ਅਗਵਾਈ ਹੇਠ ਮੱਸਿਆ ਦਾ ਦਿਹਾੜਾ ਮਨਾਇਆ ਜਾਵੇਗਾ। ਸ਼ਹੀਦ ਸਰਬਜੀਤ ਸਿੰਘ ਬੋਪਾਰਾਏ ਸਪੋਰਟਸ ਕਲੱਬ ਦੇ ਚੇਅਰਮੈਨ ਹਰਦੇਵ ਸਿੰਘ ਬੋਪਾਰਾਏ ਨੇ ਦੱਸਿਆ ਕਿ ਮੱਸਿਆ ਤੇ ਲਾਈਫ ਕੇਅਰ ਫਾਊਂਡੇਸ਼ਨ ਅਤੇ ਸਤੀਸ਼ ਐਨ ਜੀ ਓ ਵੱਲੋਂ ਕਿਡਨੀ ਦੇ ਰੋਗਾਂ ਦਾ ਫਰੀ ਚੈੱਕ ਅਪ ਕੈਂਪ ਵਿਸ਼ੇਸ਼ ਤੌਰ ਤੇ ਲਗਵਾਇਆ ਜਾ ਰਿਹਾ ਹੈ। ਜਿਸ ਦਾ ਸਮਾਂ ਸਵੇਰੇ 7 ਵਜੇ ਤੋਂ 11:30 ਵਜੇ ਤੱਕ ਹੋਵੇਗਾ ਸੋ ਲੋੜਵੰਦ ਮਰੀਜ਼ ਸਮੇਂ ਸਿਰ ਪਹੁੰਚ ਕੇ ਕੈਂਪ



ਦਾ ਲਾਹਾ ਲੈਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਿੰਦਰ ਸਿੰਘ ਗਿੱਲ, ਸੰਗਮਜੋਤ ਕੌਰ, ਬੀਬੀ ਗੁਰਿੰਦਰ ਕੌਰ, ਸਾਬਕਾ ਬਲਾਕ ਸੰਮਤੀ ਮੈਂਬਰ ਬੀਬੀ ਹਰਪਾਲ ਕੌਰ ਬੋਪਾਰਾਏ, ਬੀਬੀ ਰਤਨ ਕੌਰ, ਬੀਬੀ ਸਵਰਨਜੀਤ ਕੌਰ, ਗੁਰਜੀਤ ਸਿੰਘ ਸੋਨੀ, ਗੁਰਪ੍ਰੀਤ ਸਿੰਘ ਲਾਡੀ, ਬਾਬਾ ਬਘੇਲ ਸਿੰਘ ਤਰਨ ਤਾਰਨ, ਹਰਜਿੰਦਰ ਸਿੰਘ, ਬਲਜਿੰਦਰ ਸਿੰਘ, ਬਹਾਦਰ ਸਿੰਘ, ਗੁਰਬਚਨ ਸਿੰਘ ਗਿੱਲ ਬਿਲਗੇ ਵਾਲੇ, ਜਸਵੰਤ ਸਿੰਘ, ਕੁਲਵਿੰਦਰ ਸਿੰਘ, ਹਰਮਨ ਸਿੰਘ ਦਿਲਬਾਗ ਸਿੰਘ, ਕਰਨੈਲ ਸਿੰਘ ਜੰਮੂ, ਮਲਵਿੰਦਰ ਸਿੰਘ ਜੰਮੂ ਅਤੇ ਹੋਰ ਹਾਜ਼ਰ ਸਨ।

# ਮੇਜਰ ਨਰੇਸ਼ ਗੰਭੀਰ ਨੇ ਸਪੈਸ਼ਲ ਬੱਚਿਆਂ ਲਈ ਲੰਗਰ ਲਗਾਇਆ

## ਕਰਨਲ ਹਰਜਿੰਦਰ ਸਿੰਘ ਅਤੇ ਸ਼੍ਰੀਮਤੀ ਪੁਨੀਤ ਨੇ 11 ਹਜ਼ਾਰ ਦਾਨ ਦਿੱਤਾ

**ਹੁਸ਼ਿਆਰਪੁਰ 13 ਜੁਲਾਈ (ਤਰਸੇਮ ਦੀਵਾਨਾ)** - ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਂਖੇਲਾ ਵਿੱਚ ਸਕੂਲ ਦੇ ਸੈਕਟਰੀ ਕਰਨਲ ਗੁਰਮੀਤ ਸਿੰਘ ਦੇ ਸਹਿਯੋਗੀ ਅਤੇ ਸਕੂਲ ਦੇ ਨਿਯਮਤ ਦਾਨੀ ਮੇਜਰ ਨਰੇਸ਼ ਗੰਭੀਰ ਦੁਆਰਾ ਦਿਵਯਾਂਗ ਵਿਦਿਆਰਥੀਆਂ, ਡਿਪਲੋਮਾ ਵਿਦਿਆਰਥੀਆਂ ਅਤੇ ਸਟਾਫ ਲਈ ਲੰਗਰ ਲਗਾਇਆ। ਸਕੂਲ ਦੌਰੇ ਦੌਰਾਨ ਮੇਜਰ ਨਰੇਸ਼ ਗੰਭੀਰ ਨੇ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਵੱਖ-ਵੱਖ ਗਤੀਵਿਧੀਆਂ ਦੇਖੀਆਂ ਅਤੇ ਉਨ੍ਹਾਂ ਦਾ ਉਤਸ਼ਾਹ ਵਧਾਇਆ। ਉਨ੍ਹਾਂ ਨੇ ਵਿਦਿਆਲਿਆ ਵਿੱਚ ਬੱਚਿਆਂ ਨੂੰ ਦਿੱਤੀ ਜਾ ਰਹੀ ਸਿੱਖਿਆ, ਸਿਖਲਾਈ ਅਤੇ ਪੁਨਰਵਾਸ ਸੇਵਾਵਾਂ ਦੀ ਸ਼ਲਾਘਾ ਕੀਤੀ। ਮੇਜਰ ਨਰੇਸ਼ ਗੰਭੀਰ ਦੇ



ਨਾਲ ਕਰਨਲ ਹਰਜੀਂਦਰ ਸਿੰਘ ਅਤੇ ਸ਼੍ਰੀਮਤੀ ਪੁਨੀਤ ਨੇ ਵਿਦਿਆਲਿਆ ਦਾ ਦੌਰਾ ਕੀਤਾ। ਵਿਦਿਆਲਿਆ ਦੇ ਸੈਕਟਰੀ ਕਰਨਲ ਗੁਰਮੀਤ ਸਿੰਘ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਦੇ ਨਿਰੰਤਰ ਸਹਿਯੋਗ ਅਤੇ ਸਮਾਜ ਸੇਵਾ ਦੀ ਭਾਵਨਾ ਲਈ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਸੇਵਾਭਾਵੀ ਵਿਅਕਤੀਆਂ ਦਾ ਸਹਿਯੋਗ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਸਰਬਪੱਖੀ ਵਿਕਾਸ, ਆਤਮ-ਵਿਸ਼ਵਾਸ ਅਤੇ ਸਮਾਜਿਕ ਸਮਾਵੇਸ਼ ਲਈ ਬਹੁਤ ਮਹੱਤਵਪੂਰਨ ਹੈ। ਕਰਨਲ ਹਰਜੀਂਦਰ ਸਿੰਘ ਅਤੇ ਸ਼੍ਰੀਮਤੀ ਪੁਨੀਤ, ਮੇਜਰ ਨਰੇਸ਼ ਗੰਭੀਰ ਤੋਂ ਪ੍ਰੇਰਿਤ ਹੋ ਕੇ ਸੇਵਾ ਕਾਰਜਾਂ ਨਾਲ ਜੁੜੇ ਹੋਏ ਹਨ ਅਤੇ ਸਮਾਜ ਸੇਵਾ ਵਿੱਚ ਸਰਗਰਮ ਯੋਗਦਾਨ ਦੇ ਰਹੇ ਹਨ। ਇਸ ਮੌਕੇ 'ਤੇ ਕਰਨਲ ਹਰਜੀਂਦਰ ਸਿੰਘ ਅਤੇ ਸ਼੍ਰੀਮਤੀ ਪੁਨੀਤ ਨੇ ਸਕੂਲ ਦੇ ਸਪੈਸ਼ਲ ਬੱਚਿਆਂ ਦੇ ਭਲੇ ਲਈ 11,000 ਰੁਪਏ ਦੀ ਰਾਸ਼ੀ ਭੇਟ ਕਰਕੇ ਆਪਣਾ ਸਹਿਯੋਗ ਦਿੱਤਾ। ਇਸ ਮੌਕੇ ਸਕੂਲ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ, ਮਲਕੀਤ ਸਿੰਘ ਮਾਹੇੜੂ, ਰਾਮ ਆਸਰਾ, ਪੈਟਰਨ ਪਰਮਜੀਤ ਸਿੰਘ ਸਚਦੇਵਾ, ਸ਼੍ਰੀਮਤੀ ਮਧੂਮੀਤ ਕੌਰ ਅਤੇ ਪ੍ਰਿੰਸੀਪਲ ਸ਼੍ਰੀਮਤੀ ਸ਼ੈਲੀ ਸ਼ਰਮਾ ਮੌਜੂਦ ਸਨ।

**ਫੋਟੋ ਅਜਮੇਰ ਦੀਵਾਨਾ**

# ਕੁਦਰਤ ਦੀ ਸਾਂਭ-ਸੰਭਾਲ ਲਈ ਡਾ. ਫੌਜੀ ਇੰਡੀਆ ਨੇ 'ਰੁੱਖ ਲਗਾਓ ਜੀਵਨ ਬਚਾਓ' ਮਿਸ਼ਨ ਤਹਿਤ ਵੰਡੇ 500 ਬੂਟੇ

**ਹੁਸ਼ਿਆਰਪੁਰ, 13 ਜੁਲਾਈ ( ਤਰਸੇਮ ਦੀਵਾਨਾ ) -** 13 ਜੁਲਾਈ, 2026: ਡਾ. ਭੀਮਰਾਓ ਅੰਬੇਡਕਰ ਫੈਡਰੇਸ਼ਨ ਫਾਰ ਸੋਸ਼ਲ ਜਸਟਿਸ ਦੇ ਕੌਮੀ ਮੀਤ ਪ੍ਰਧਾਨ ਅਤੇ ਉੱਘੇ ਸਮਾਜ ਸੇਵਕ, ਡਾ. ਫੌਜੀ ਇੰਡੀਆ ਨੇ ਦਿਨੋ ਦਿਨ ਵੱਧ ਰਹੀ ਗਰਮੀ ਨੂੰ ਮੁੱਖ ਰੱਖਦੇ ਹੋਏ ਇੱਕ ਸ਼ਲਾਘਾਯੋਗ ਅਤੇ ਪ੍ਰੇਰਣਾਦਾਇਕ ਵਾਤਾਵਰਨ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਵਿਸ਼ੇਸ਼ ਮੁਹਿੰਮ ਤਹਿਤ ਉਨ੍ਹਾਂ ਨੇ ਇਲਾਕੇ ਦੇ ਲਗਭਗ 500 ਨਾਗਰਿਕਾਂ ਨੂੰ ਫਲਦਾਰ, ਛਾਂਦਾਰ ਅਤੇ ਔਸ਼ਧੀ ਗੁਣਾਂ ਵਾਲੇ ਬੂਟੇ ਵੰਡੇ। ਇਸ ਦੇ ਨਾਲ ਹੀ ਉਨ੍ਹਾਂ ਨੇ ਵੱਖ-ਵੱਖ ਥਾਵਾਂ 'ਤੇ ਖੁਦ ਹਾਜ਼ਰ ਰਹਿ ਕੇ ਬੂਟੇ ਲਗਾ ਕੇ ਇਸ ਮੁਹਿੰਮ ਦੀ ਸਫ਼ਲ ਸ਼ੁਰੂਆਤ ਵੀ ਕੀਤੀ। ਇਸ ਮੌਕੇ ਬੂਟੇ ਵੰਡਦੇ ਹੋਏ ਡਾ. ਫੌਜੀ ਇੰਡੀਆ ਨੇ ਸਮਾਜ ਨੂੰ ਕੁਦਰਤ ਪ੍ਰਤੀ ਅਥਾਹ ਪਿਆਰ ਅਤੇ ਜ਼ਿੰਮੇਵਾਰੀ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਇਸ ਗੱਲ 'ਤੇ ਵਿਸ਼ੇਸ਼ ਜ਼ੋਰ ਦਿੱਤਾ ਕਿ "ਗਲੋਬਲ ਵਾਰਮਿੰਗ" ਅਤੇ ਪ੍ਰਦੂਸ਼ਣ ਦੇ ਮੌਜੂਦਾ ਦੌਰ ਵਿੱਚ ਵਾਤਾਵਰਨ ਦਾ ਸੰਤੁਲਨ ਬਣਾਈ ਰੱਖਣਾ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਜੇਕਰ ਅਸੀਂ ਅੱਜ ਰੁੱਖ ਨਹੀਂ ਲਗਾਵਾਂਗੇ, ਤਾਂ ਆਉਣ ਵਾਲੀਆਂ ਨਸਲਾਂ ਨੂੰ ਸਾਹ ਲੈਣ ਲਈ ਵੀ ਸੰਘਰਸ਼ ਕਰਨਾ ਪਵੇਗਾ। ਇਸ ਪ੍ਰੋਗਰਾਮ ਰਾਹੀਂ ਉਨ੍ਹਾਂ ਨੇ ਆਪਣੇ ਜੀਵਨ ਦੇ ਮੁੱਖ ਮਿਸ਼ਨ "ਰੁੱਖ ਲਗਾਓ ਜੀਵਨ ਬਚਾਓ" ਨੂੰ ਇੱਕ ਵਾਰ ਫਿਰ ਜ਼ਮੀਨ 'ਤੇ ਸੱਚ ਕਰਕੇ ਦਿਖਾਇਆ ਹੈ



ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਬੂਟੇ ਲਗਾਉਣ ਹੀ ਨਾ, ਬਲਕਿ ਰੁੱਖ ਬਣਨ ਤੱਕ ਉਨ੍ਹਾਂ ਦੀ ਪੁੱਤਾਂ ਵਾਂਗ ਪਰਵਰਿਸ਼ ਵੀ ਕਰਨ। ਡਾ. ਫੌਜੀ ਇੰਡੀਆ ਨੇ ਕਿਹਾ ਕਿ ਮੈ ਤਥਾਗਤ ਬੁੱਧ ਦੇ ਧੰਮ ਵਿੱਚ ਡੂੰਘੀ ਆਸਥਾ ਅਤੇ ਵਿਸ਼ਵਾਸ ਰੱਖਦਾ ਹਾ । ਭਗਵਾਨ ਬੁੱਧ ਦਾ ਧੰਮ ਹਮੇਸ਼ਾ ਤੋਂ ਕੁਦਰਤ ਪ੍ਰਤੀ ਬੇਅੰਤ ਪਿਆਰ, ਵਾਤਾਵਰਨ ਸੁਰੱਖਿਆ ਅਤੇ ਸੰਸਾਰ ਦੇ ਸਾਰੇ ਜੀਵ-ਜੰਤੂਆਂ ਪ੍ਰਤੀ ਦਇਆ, ਕਰੁਣਾ ਤੇ ਮਿੱਤਰਤਾ ਦਾ ਭਾਵ ਮਨੁੱਖੀ ਜੀਵਨ ਵਿੱਚ ਵਿਕਸਿਤ ਕਰਨ ਦੀ ਸਿੱਖਿਆ ਦਿੰਦਾ ਹੈ। ਡਾ. ਫੌਜੀ ਦਾ ਇਹ ਕਦਮ ਪੂਰੀ ਤਰ੍ਹਾਂ ਬੁੱਧ ਦੀ ਇਸੇ ਮਾਨਵੀ ਅਤੇ ਕੁਦਰਤੀ ਸੋਚ ਤੋਂ ਪ੍ਰੇਰਿਤ ਹੈ, ਜੋ ਸਮਾਜ ਨੂੰ ਹਰਿਆਵਲ ਅਤੇ ਅਮਨ-ਸ਼ਾਂਤੀ ਦਾ ਰਾਹ ਦਿਖਾਉਂਦੀ ਹੈ। ਇਸ ਮਹਾਨ ਅਤੇ ਪੁੰਨ ਕਾਰਜ ਲਈ ਸਥਾਨਕ ਵਾਸੀਆਂ, ਮੋਹਤਬਰਾਂ ਅਤੇ ਸੰਸਥਾ ਦੇ ਕਾਰਕੁਨਾਂ ਨੇ ਡਾ. ਫੌਜੀ ਇੰਡੀਆ ਦਾ ਦਿਲੋਂ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ 'ਸਾਧੂਵਾਦ' ਭੇਜਿਆ। ਲੋਕਾਂ ਨੇ ਖੁਸ਼ੀ ਜ਼ਾਹਿਰ ਕਰਦੇ ਹੋਏ ਉਮੀਦ ਜਤਾਈ ਕਿ ਡਾ. ਫੌਜੀ ਇੰਡੀਆ ਭਵਿੱਖ ਵਿੱਚ ਵੀ ਸਮੇਂ-ਸਮੇਂ 'ਤੇ ਤਥਾਗਤ ਬੁੱਧ ਦੇ ਧੰਮ ਤੋਂ ਪ੍ਰੇਰਿਤ ਹੋ ਕੇ ਸਮਾਜ ਭਲਾਈ ਅਤੇ ਵਾਤਾਵਰਨ ਸੁਰੱਖਿਆ ਦੇ ਅਜਿਹੇ ਜਨਹਿੱਤਕਾਰੀ ਪ੍ਰੋਗਰਾਮ ਆਯੋਜਿਤ ਕਰਦੇ ਰਹਿਣਗੇ।

ਇਸ ਮੁਹਿੰਮ ਦੌਰਾਨ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਸਾਰਿਆਂ ਨੇ ਹੱਥਾਂ ਵਿੱਚ ਬੂਟੇ ਫੜ ਕੇ ਵਾਤਾਵਰਨ ਨੂੰ ਹਰਾ-ਭਰਾ ਬਣਾਉਣ ਦਾ ਸੰਕਲਪ ਲਿਆ। ਇਸ ਮੌਕੇ 'ਤੇ ਖੇਤਰ ਦੇ ਕਈ ਪਤਵੰਤੇ, ਸਮਾਜ ਸੇਵੀ ਅਤੇ ਵਾਤਾਵਰਨ ਪ੍ਰੇਮੀ ਹਾਜ਼ਰ ਰਹੇ, ਜਿਨ੍ਹਾਂ ਨੇ ਇਸ ਮੁਹਿੰਮ ਨੂੰ ਪਿੰਡ-ਪਿੰਡ ਅਤੇ ਘਰ-ਘਰ ਤੱਕ ਅੱਗੇ ਵਧਾਉਣ ਦਾ ਅਹਿਦ ਲਿਆ।

# ਸਤਲੁਜ ਦਰਿਆ 'ਤੇ ਨਵੇਂ ਪੁਲ ਦੀ ਉਸਾਰੀ ਕਾਰਨ ਪੁਰਾਣਾ ਹੈੱਡ ਪੁਲ ਮੁਕੰਮਲ ਬੰਦ; ਰਾਹਗੀਰਾਂ ਨੂੰ ਨਵੇਂ ਬਾਈਪਾਸ ਦੀ ਵਰਤੋਂ ਕਰਨ ਦੀ ਅਪੀਲ

**ਨਵਾਂਸ਼ਹਿਰ /ਕਾਠਗੜ੍ਹ, 13 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ)** : ਨੈਸ਼ਨਲ ਹਾਈਵੇ ਨੇੜੇ ਸਥਿਤ ਪ੍ਰਸਿੱਧ ਗੁਰੂ ਗੁਰਦੁਆਰਾ ਟਿੱਬੀ ਸਾਹਿਬ ਦੇ ਕੋਲੋਂ ਲੰਘਦੇ ਸਤਲੁਜ ਦਰਿਆ 'ਤੇ ਇਸ ਵੇਲੇ ਇੱਕ ਵੱਡੇ ਪੁਲ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਇਸ ਮਹੱਤਵਪੂਰਨ ਪ੍ਰੋਜੈਕਟ ਦੇ ਚੱਲਦਿਆਂ ਪੁਰਾਣੇ ਹੈੱਡ ਵਾਲੇ ਪੁਲ ਦੇ ਕੋਲ ਬਹੁਤ ਵੱਡੇ ਪੱਧਰ 'ਤੇ ਪੱਟ-ਪਟਾਈ ਕੀਤੀ ਗਈ ਹੈ ਅਤੇ ਥਾਂ-ਥਾਂ ਰੇਤੇ ਤੇ ਮਿੱਟੀ ਦੇ ਵਿਸ਼ਾਲ ਢੇਰ ਲੱਗੇ ਹੋਏ ਹਨ। ਇਸ ਭਾਰੀ ਖੁਦਾਈ ਅਤੇ ਉਸਾਰੀ ਕਾਰਨ ਇਹ ਰੋਡ ਪਿਛਲੇ ਇੱਕ-ਦੋ ਦਿਨਾਂ ਤੋਂ ਆਵਾਜਾਈ ਲਈ ਪੂਰੀ ਤਰ੍ਹਾਂ ਬੰਦ ਹੈ। ਜਿਸ ਰਫ਼ਤਾਰ ਅਤੇ ਵੱਡੇ ਪੱਧਰ 'ਤੇ ਇੱਥੇ ਕੰਮ ਚੱਲ ਰਿਹਾ ਹੈ, ਉਸ ਨੂੰ ਦੇਖਦਿਆਂ ਇਹ ਸਾਫ਼ ਨਜ਼ਰ ਆ ਰਿਹਾ ਹੈ ਕਿ ਇਹ ਰਸਤਾ ਅਜੇ ਲੰਬੇ ਸਮੇਂ ਲਈ ਬੰਦ ਰਹੇਗਾ। ਦੱਸਣਯੋਗ ਹੈ ਕਿ ਇਹ ਰੋਡ ਭੂਗੋਲਿਕ ਅਤੇ ਆਵਾਜਾਈ ਦੇ ਲਿਹਾਜ਼ ਨਾਲ ਬੇਹੱਦ ਅਹਿਮ ਹੈ, ਕਿਉਂਕਿ ਇਹ ਸਤਲੁਜ ਦਰਿਆ ਦੇ ਰੋਪੜ੍ਹ ਵਾਲੇ ਪਾਸੇ ਤੋਂ ਇੱਧਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਨੂੰ ਆਪਸ ਵਿੱਚ ਜੋੜਦਾ ਹੈ ਅਤੇ ਦੂਜੇ ਪਾਸੇ ਇਹ ਰਸਤਾ ਨੂਰਪੁਰ ਬੇਦੀ ਸਾਈਡ ਦੇ ਝੱਜ ਚੌਂਕ ਵੱਲ ਨਿਕਲਦਾ ਹੈ। ਇਸ ਅਹਿਮ ਰਸਤੇ ਦੇ ਬੰਦ ਹੋਣ ਕਾਰਨ ਇਲਾਕੇ ਦਾ ਆਪਸੀ ਸੰਪਰਕ ਬਿਲਕੁਲ ਟੁੱਟ ਚੁੱਕਾ ਹੈ। ਪੁਰਾਣੇ ਹੈੱਡ ਪੁਲ ਤੋਂ ਸੰਪਰਕ ਪੂਰੀ ਤਰ੍ਹਾਂ ਟੁੱਟ ਜਾਣ ਕਰਕੇ ਆਮ ਲੋਕਾਂ, ਖਾਸ ਕਰਕੇ ਮੋਟਰਸਾਈਕਲ ਸਵਾਰਾਂ, ਕਾਰਾਂ ਅਤੇ ਹੋਰ ਗੱਡੀਆਂ ਵਾਲੇ ਰਾਹਗੀਰਾਂ ਨੂੰ ਪੁਰਾਣੇ ਰਸਤੇ ਵੱਲ ਨਾ ਜਾਣ ਦੀ ਅਪੀਲ ਕੀਤੀ



ਗਈ ਹੈ। ਪ੍ਰਸ਼ਾਸਨ ਅਤੇ ਸਥਾਨਕ ਸੂਤਰਾਂ ਵੱਲੋਂ ਲੋਕਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਖੱਜਲ-ਖੁਆਰੀ ਤੋਂ ਬਚਣ ਲਈ ਇਸ ਪੁਰਾਣੇ ਰਸਤੇ ਦੀ ਬਜਾਏ, ਕੋਲ ਹੀ ਬਣੇ ਨਵੇਂ ਬਾਈਪਾਸ ਦੀ ਵਰਤੋਂ ਕਰਨ ਤਾਂ ਜੋ ਬਿਨਾਂ ਕਿਸੇ ਪਰੇਸ਼ਾਨੀ ਦੇ ਆਪਣੀ ਮੰਜ਼ਿਲ 'ਤੇ ਪਹੁੰਚ ਸਕਣ।

# ਮਾਨ ਸਰਕਾਰ ਨੇ ਪਿਛਲੀਆਂ ਸਰਕਾਰਾਂ ਦੇ ਅਧੂਰੇ ਕੰਮ ਕੀਤੇ ਪੂਰੇ, 2027 ਵਿੱਚ ਭਾਰੀ ਬਹੁਮਤ ਨਾਲ ਬਣੇਗੀ 'ਆਪ' ਦੀ ਸਰਕਾਰ: ਸੰਤੋਸ਼ ਕਟਾਰੀਆ

**●ਪਿੰਡਾਂ ਦੇ ਵਿਕਾਸ ਲਈ ਖੁੱਲ੍ਹੇ ਦਿਲ ਨਾਲ ਦਿੱਤੀਆਂ ਜਾ ਰਹੀਆਂ ਹਨ ਗ੍ਰਾਂਟਾਂ●ਨਸ਼ਿਆਂ ਖ਼ਿਲਾਫ਼ ਸਰਕਾਰ ਦੀ ਮੁਹਿੰਮ ਨੇ ਤਸਕਰਾਂ ਦਾ ਲੱਕ ਤੋੜਿਆ: ਵਿਧਾਇਕ ਕਟਾਰੀਆ**

**ਬਲਾਚੌਰ 13 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ):** ਹਲਕਾ ਬਲਾਚੌਰ ਤੋਂ ਵਿਧਾਇਕ ਸੰਤੋਸ਼ ਕਟਾਰੀਆ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ—ਮਜਾਰੀ, ਟਕਾਰਲਾ, ਹਿਆਤ ਪੁਰ ਜੱਟਾਂ, ਕੁੱਲਪੁਰ ਅਤੇ ਸਿੰਘਪੁਰ ਵਿਖੇ ਲੋਕ ਮਿਲਣੀ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਵਿੱਚ ਇਲਾਕਾ ਨਿਵਾਸੀਆਂ ਨੇ ਬਹੁਤ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਦੌਰਾਨ ਜਿੱਥੇ ਪਿੰਡਾਂ ਦੀਆਂ ਮੁਸ਼ਕਿਲਾਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ, ਉੱਥੇ ਹੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦੁਆਰਾ ਕੀਤੇ ਗਏ ਬੇਮਿਸਾਲ ਵਿਕਾਸ ਕਾਰਜਾਂ ਅਤੇ ਲੋਕ-ਪੱਖੀ ਸਹੂਲਤਾਂ ਦਾ ਵੇਰਵਾ ਸਾਂਝਾ ਕੀਤਾ ਗਿਆ।

ਇਕੱਠਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਉਹ ਇਤਿਹਾਸਕ ਅਤੇ ਅਧੂਰੇ ਕੰਮ ਪੂਰੇ ਕਰਕੇ ਦਿਖਾਏ ਹਨ, ਜੋ ਪਿਛਲੀਆਂ ਰਵਾਇਤੀ ਸਰਕਾਰਾਂ ਨੇ ਦਹਾਕਿਆਂ ਤੱਕ ਨਹੀਂ ਕੀਤੇ ਸਨ। ਉਨ੍ਹਾਂ ਪੂਰੇ ਦਾਅਵੇ ਨਾਲ ਕਿਹਾ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਕੇ ਦੂਜੀ ਵਾਰ ਪੰਜਾਬ ਵਿੱਚ ਆਪਣੀ ਸਰਕਾਰ ਬਣਾਵੇਗੀ।

ਵਿਧਾਇਕ ਕਟਾਰੀਆ ਨੇ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਰ ਘਰ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੇ ਕੇ ਹਰ ਵਰਗ ਨੂੰ ਵੱਡੀ ਰਾਹਤ ਦਿੱਤੀ




ਗਈ ਹੈ। ਇਸ ਤੋਂ ਇਲਾਵਾ 18 ਸਾਲ ਤੋਂ ਵੱਧ ਉਮਰ ਦੀਆਂ ਐਸ.ਸੀ. ਵਰਗ ਦੀਆਂ ਔਰਤਾਂ ਨੂੰ 1500 ਰੁਪਏ ਅਤੇ ਜਨਰਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇ ਕੇ ਮਾਣ ਵਧਾਇਆ ਗਿਆ ਹੈ। 50 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ 'ਤੀਰਥ ਯਾਤਰਾ ਸਕੀਮ' ਤਹਿਤ ਹਰ ਪਿੰਡ ਤੋਂ ਮੁਫ਼ਤ ਯਾਤਰਾ ਕਰਵਾਈ ਜਾ ਰਹੀ ਹੈ।

ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਕਿਹਾ ਕਿ ਕੰਢੀ ਏਰੀਏ ਲਈ 'ਲਿਫਟ ਇਰੀਗੇਸ਼ਨ ਸਕੀਮ' ਰਾਹੀਂ ਨਹਿਰੀ ਪਾਣੀ ਪਹੁੰਚਾ ਕੇ ਕਿਸਾਨਾਂ ਦੀ ਸਭ ਤੋਂ ਵੱਡੀ ਸਮੱਸਿਆ ਹੱਲ ਕੀਤੀ ਗਈ ਹੈ। ਪੰਜਾਬ ਵਿੱਚ 'ਆਮ ਆਦਮੀ ਕਲੀਨਿਕ' ਅਤੇ 'ਸਕੂਲ ਆਫ਼ ਐਮੀਨੈਂਸ' ਵਰਗੀਆਂ ਆਧੁਨਿਕ ਸਹੂਲਤਾਂ ਸਫਲਤਾਪੂਰਵਕ ਚੱਲ ਰਹੀਆਂ ਹਨ।ਵਿਧਾਇਕਾ ਨੇ ਅੱਗੇ ਕਿਹਾ ਕਿ ਪਿੰਡਾਂ ਦੀ ਨੁਹਾਰ ਬਦਲਣ ਲਈ ਪੰਜਾਬ ਸਰਕਾਰ ਵੱਲੋਂ ਹਰੇਕ ਪਿੰਡ ਨੂੰ ਖੁੱਲ੍ਹੇ ਦਿਲ ਨਾਲ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਪਿੰਡਾਂ ਵਿੱਚ ਆਧੁਨਿਕ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੇ ਨਸ਼ਾ ਤਸਕਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ ਅਤੇ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨ ਪਾਸ ਕਰਕੇ ਇਹ ਸਾਬਤ ਕਰ ਦਿੱਤਾ ਗਿਆ ਹੈ ਕਿ ਹੁਣ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਵਿਧਾਇਕ ਸੰਤੋਸ਼ ਕਟਾਰੀਆ ਨੇ ਮੌਜੂਦ ਪਾਰਟੀ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਸਰਕਾਰ ਦੀਆਂ ਇਨ੍ਹਾਂ ਲੋਕ-ਪੱਖੀ ਨੀਤੀਆਂ ਅਤੇ ਵਿਕਾਸ ਕਾਰਜਾਂ ਨੂੰ ਘਰ-ਘਰ ਤੱਕ ਪਹੁੰਚਾਉਣ, ਤਾਂ ਜੋ ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਇੱਕ ਨਵਾਂ ਇਤਿਹਾਸ ਸਿਰਜ ਸਕੇ। ਮੀਟਿੰਗ ਦੌਰਾਨ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਮੋਹਤਬਰ ਪੰਚ-ਸਰਪੰਚ ਅਤੇ ਆਪ ਆਗੂ ਮੌਜੂਦ ਸਨ।

# ‘ਆਪ’ ਆਗੂ ਕਰਨਵੀਰ ਕਟਾਰੀਆ ਵਲੋਂ ਪਿੰਡ ਬੇਹਰੜੀ ਵਿਖੇ ਯਾਤਰਾ ਤੋਂ ਪਰਤੀ ਸੰਗਤ ਦਾ ਸਵਾਗਤ



**ਨਵਾਂਸ਼ਹਿਰ /ਕਾਠਗੜ੍ਹ 13 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਕਾਠਗੜ੍ਹ ਦੇ ਨੇੜੇ ਪਿੰਡ ਬੇਹਰੜੀ ਵਿਖੇ ਉਸ ਸਮੇਂ ਸ਼ਰਧਾ, ਉਤਸ਼ਾਹ ਅਤੇ ਅਧਿਆਤਮਿਕ ਰੰਗਤ ਦਾ ਇੱਕ ਅਨੋਖਾ ਮਾਹੌਲ ਦੇਖਣ ਨੂੰ ਮਿਲਿਆ, ਜਦੋਂ ਪਵਿੱਤਰ ਤੀਰਥ ਯਾਤਰਾ ਤੋਂ ਪਰਤੀ ਸੰਗਤ ਦਾ ਪਿੰਡ ਪਹੁੰਚਣ 'ਤੇ ਇਲਾਕਾ ਨਿਵਾਸੀਆਂ ਵੱਲੋਂ ਬੇਹੱਦ ਨਿੱਘਾ ਅਤੇ ਭਾਵੁਕ ਸਵਾਗਤ ਕੀਤਾ ਗਿਆ। ਇਸ ਯਾਤਰਾ ਦਾ ਅਨੰਦ ਮਾਣ ਕੇ ਵਾਪਸ ਆਏ ਸ਼ਰਧਾਲੂਆਂ ਦੇ ਚਿਹਰਿਆਂ 'ਤੇ ਆਤਮਿਕ ਸ਼ਾਂਤੀ, ਰੂਹਾਨੀ ਖੁਸ਼ੀ ਅਤੇ ਇੱਕ ਵੱਖਰਾ ਹੀ ਜਲੌਅ ਸਾਫ਼ ਝਲਕ ਰਿਹਾ ਸੀ। ਇਸ ਮੌਕੇ ਸਮੂਹ ਸੰਗਤ ਦੀ ਚੜ੍ਹਦੀ ਕਲਾ, ਸੁੱਖ-ਸ਼ਾਂਤੀ, ਤੰਦਰੁਸਤੀ ਅਤੇ ਇਲਾਕੇ ਦੀ ਖੁਸ਼ਹਾਲੀ ਲਈ ਪਰਮਾਤਮਾ ਦੇ ਚਰਨਾਂ ਵਿੱਚ ਸ਼ੁਕਰਾਨੇ ਦੀ ਅਰਦਾਸ ਵੀ ਕੀਤੀ ਗਈ।

ਇਸ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕਰਨਵੀਰ ਕਟਾਰੀਆ ਨੇ ਉਚੇਚੇ ਤੌਰ 'ਤੇ ਪਿੰਡ ਬੇਹਰੜੀ ਪਹੁੰਚ ਕੇ ਯਾਤਰਾ ਤੋਂ ਪਰਤੀ ਸੰਗਤ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਪਾਸੋਂ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਦੌਰਾਨ ਸਰਕਾਰ ਵੱਲੋਂ ਸ਼ਰਧਾਲੂਆਂ ਲਈ ਕੀਤੇ ਗਏ ਇਸ ਸ਼ਾਨਦਾਰ ਤੇ ਮੁਫ਼ਤ ਯਾਤਰਾ ਦੇ ਪ੍ਰਬੰਧਾਂ ਦੀ ਚੌਤਰਫ਼ਾ ਸ਼ਲਾਘਾ ਹੋਈ। ਪਿੰਡ ਵਾਸੀਆਂ ਅਤੇ ਯੂਥ ਆਗੂਆਂ ਵੱਲੋਂ ਇਸ ਸੁਚੱਜੇ ਉਪਰਾਲੇ ਲਈ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਸੀਨੀਅਰ ਆਗੂ ਕਰਨਵੀਰ ਕਟਾਰੀਆ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

# ਚੌਧਰੀ ਅਜੇ ਮੰਗੂਪੁਰ ਹਲਕਾ ਬਲਾਚੌਰ ਵਿੱਚ ਕਾਂਗਰਸ ਦੀ ਅਸਲ ਆਵਾਜ਼ : ਕਾਂਗਰਸੀ ਆਗੂ

**ਰਾਜਨੀਤੀ ਤੋਂ ਉੱਪਰ ਉੱਠ ਕੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਆਗੂ ਵਜੋਂ ਕੀਤੀ ਸ਼ਲਾਘਾ**

**ਨਵਾਂਸ਼ਹਿਰ , 13 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ):** ਵਿਧਾਨ ਸਭਾ ਹਲਕਾ ਬਲਾਚੌਰ ਦੇ ਸਿਆਸੀ ਹਲਕਿਆਂ ਵਿੱਚ ਉਸ ਵੇਲੇ ਸਰਗਰਮੀਆਂ ਹੋਰ ਤੇਜ਼ ਹੋ ਗਈਆਂ ਜਦੋਂ ਇਲਾਕੇ ਦੇ ਸੀਨੀਅਰ ਕਾਂਗਰਸੀ ਆਗੂਆਂ ਨੇ ਮੌਜੂਦਾ ਸਿਆਸੀ ਹਾਲਾਤ 'ਤੇ ਡੂੰਘੀ ਚਰਚਾ ਛੇੜ ਕੀਤੀ। ਇਸ ਮੌਕੇ ਸੀਨੀਅਰ ਆਗੂਆਂ, ਜਿਨ੍ਹਾਂ ਵਿੱਚ ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ , ਕੁਲਵਿੰਦਰ ਮੰਡ ਅਤੇ ਗਿੰਦੀ ਰੱਤੇਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ, ਨੇ ਹਲਕੇ ਦੀ ਸਿਆਸਤ ਅਤੇ ਪਾਰਟੀ ਦੀ ਮੌਜੂਦਾ ਸਥਿਤੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਆਗੂਆਂ ਨੇ ਇੱਕਸੁਰ ਹੁੰਦਿਆਂ ਆਖਿਆ ਕਿ ਅੱਜ ਦੇ ਮੌਜੂਦਾ ਦੌਰ ਵਿੱਚ ਜੇਕਰ ਵਿਧਾਨ ਸਭਾ ਹਲਕਾ ਬਲਾਚੌਰ ਅੰਦਰ ਕਾਂਗਰਸ ਪਾਰਟੀ ਦੀ ਆਵਾਜ਼ ਨੂੰ ਪੂਰੀ ਬੁਲੰਦੀ ਨਾਲ ਲੋਕਾਂ ਦੀ ਕਚਹਿਰੀ ਵਿੱਚ ਰੱਖਣ ਵਾਲਾ ਕੋਈ ਇੱਕੋ-ਇੱਕ ਸਿਰਕੱਢ ਚਿਹਰਾ ਹੈ, ਤਾਂ ਉਹ ਜ਼ਿਲ੍ਹਾ ਪ੍ਰਧਾਨ ਚੌਧਰੀ ਅਜੇ ਮੰਗੂਪੁਰ ਹਨ, ਜਿਨ੍ਹਾਂ ਨੇ ਦਿਨ-ਰਾਤ ਮਿਹਨਤ ਕਰਕੇ ਪਾਰਟੀ ਦਾ ਪਰਚਮ ਉੱਚਾ ਰੱਖਿਆ ਹੋਇਆ ਹੈ।ਇਸ ਮੌਕੇ ਹਾਜ਼ਰ ਸੀਨੀਅਰ ਆਗੂਆਂ ਨੇ ਚੌਧਰੀ ਅਜੇ ਮੰਗੂਪੁਰ ਦੀ ਲੋਕ-ਪੱਖੀ ਸੋਚ ਅਤੇ ਕਾਰਜਸ਼ੈਲੀ ਦੀ ਜ਼ੋਰਦਾਰ ਸ਼ਲਾਘਾ ਕਰਦਿਆਂ ਕਿਹਾ ਕਿ ਮੰਗੂਪੁਰ ਨੇ ਹਲਕੇ ਦੇ ਹਰ ਇੱਕ ਨਾਗਰਿਕ ਦੇ ਦੁੱਖ-ਸੁੱਖ ਵਿੱਚ ਹਮੇਸ਼ਾ ਮੋਹਰੀ ਹੋ ਕੇ ਸਾਥ ਦਿੱਤਾ ਹੈ। ਉਨ੍ਹਾਂ ਆਖਿਆ ਕਿ ਚੌਧਰੀ ਮੰਗੂਪੁਰ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਹ ਪਾਰਟੀਬਾਜ਼ੀ ਅਤੇ ਦਲਗਤ ਰਾਜਨੀਤੀ ਤੋਂ ਉੱਪਰ ਉੱਠ ਕੇ ਹਰ ਵਰਗ ਦੇ ਲੋਕਾਂ ਦੀ ਮਦਦ ਕਰਦੇ ਹਨ, ਜਿਸ ਸਦਕਾ ਅੱਜ ਉਨ੍ਹਾਂ ਨੇ ਇਲਾਕੇ ਵਿੱਚ ਆਪਣੀ ਇੱਕ ਵਿਲੱਖਣ ਅਤੇ ਮਜ਼ਬੂਤ ਪਛਾਣ ਬਣਾਈ ਹੈ। ਅੱਜ ਸਥਿਤੀ ਇਹ ਹੈ ਕਿ ਚਾਹੇ ਕੋਈ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧ ਰੱਖਦਾ ਹੋਵੇ, ਉਹ ਚੌਧਰੀ ਅਜੇ ਮੰਗੂਪੁਰ ਦੀ ਮਿਲਾਪੜੀ ਅਤੇ ਨਿਰਪੱਖ ਸ਼ਖਸੀਅਤ ਸਦਕਾ ਉਨ੍ਹਾਂ ਨੂੰ ਤਹਿ ਦਿਲੋਂ ਪਿਆਰ ਅਤੇ ਸਤਿਕਾਰ ਦਿੰਦਾ ਹੈ। ਆਗੂਆਂ ਨੇ ਦੁਹਰਾਇਆ ਕਿ ਹਲਕੇ ਅੰਦਰ ਕਾਂਗਰਸ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨ ਤੱਕ ਪਹੁੰਚਾਉਣ ਵਿੱਚ ਜ਼ਿਲ੍ਹਾ ਪ੍ਰਧਾਨ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਬੇਮਿਸਾਲ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਉਨ੍ਹਾਂ ਦੀ ਅਗਵਾਈ ਹੇਠ ਪਾਰਟੀ ਹਲਕੇ ਅੰਦਰ ਹੋਰ ਵੱਡੀਆਂ ਮੱਲਾਂ ਮਾਰੇਗੀ।



# ਪਿੰਡ ਚੂਹੜਪੁਰ ਤੋਂ ਸ਼ਰਧਾਲੂਆਂ ਦੀ ਬੱਸ ਧਾਰਮਿਕ ਯਾਤਰਾ ਲਈ ਰਵਾਨਾ; ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਨੇ ਦਿੱਤੀਆਂ ਸ਼ੁਭਕਾਮਨਾਵਾਂ

**ਬਲਾਚੌਰ, 13 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਪਿੰਡ ਚੂਹੜਪੁਰ ਵਿਖੇ ਅੱਜ ਉਸ ਵੇਲੇ ਭਗਤੀ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ, ਜਦੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਇੱਕ ਵਿਸ਼ੇਸ਼ ਬੱਸ ਨੂੰ ਪੂਰੀ ਸ਼ਰਧਾ ਅਤੇ ਅਦਬ ਸਤਿਕਾਰ ਸਹਿਤ ਰਵਾਨਾ ਕੀਤਾ ਗਿਆ। ਇਸ ਸ਼ੁਭ ਮੌਕੇ 'ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਤੋਰਿਆ। ਇਸ ਮੌਕੇ ਗੱਲਬਾਤ ਕਰਦਿਆਂ ਸੀਨੀਅਰ 'ਆਪ' ਆਗੂ ਅਸ਼ੋਕ



ਕਟਾਰੀਆ ਨੇ ਕਿਹਾ ਕਿ ਸਮੂਹ ਸੰਗਤ ਬਹੁਤ ਭਾਗਾਂ ਵਾਲੀ ਹੈ, ਜਿਨ੍ਹਾਂ ਨੂੰ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਨ ਦਾ ਇਹ ਸੁਭਾਗ ਪ੍ਰਾਪਤ ਹੋ ਰਿਹਾ ਹੈ। ਉਨ੍ਹਾਂ ਨੇ ਪਰਮਾਤਮਾ ਅੱਗੇ ਅਰਦਾਸ ਕਰਦਿਆਂ ਕਿਹਾ ਕਿ ਸਾਰੇ ਸ਼ਰਧਾਲੂਆਂ ਦਾ ਇਹ ਸਫ਼ਰ ਸੁਖਦ, ਸੁਰੱਖਿਅਤ ਅਤੇ ਮੰਗਲਮਈ ਰਹੇ। ਅਸ਼ੋਕ ਕਟਾਰੀਆ ਨੇ ਕਿਹਾ ਕਿ ਵਾਹਿਗੁਰੂ ਜੀ ਸਮੂਹ ਸੰਗਤ 'ਤੇ ਆਪਣੀ ਅਪਾਰ ਕਿਰਪਾ ਹਮੇਸ਼ਾ ਬਣਾਈ ਰੱਖਣ ਅਤੇ ਸਭ ਨੂੰ ਚੜ੍ਹਦੀ ਕਲਾ, ਤੰਦਰੁਸਤੀ ਅਤੇ ਖੁਸ਼ਹਾਲੀ ਦੀ ਦਾਤ ਬਖ਼ਸ਼ਣ। ਬੱਸ ਦੀ ਰਵਾਨਗੀ ਸਮੇਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਿਆ ਗਿਆ ਅਤੇ ਪੂਰਾ ਮਾਹੌਲ ਸਤਿਨਾਮ ਵਾਹਿਗੁਰੂ ਦੇ ਜਾਪ ਨਾਲ ਗੂੰਜ ਉੱਠਿਆ। ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ, ਜਿਨ੍ਹਾਂ ਨੇ ਸ਼ਰਧਾਲੂਆਂ ਨੂੰ ਨਿੱਘੀ ਵਿਦਾਇਗੀ ਦਿੱਤੀ।

# ਜ਼ਿਲ੍ਹਾਂ ਕੋਰਟ ਕੰਪਲੈਕਸ, ਸ.ਭ.ਸ ਨਗਰ ਅਤੇ ਸਬ-ਡੀਵੀਜ਼ਨ ਕੋਰਟ ਬਲਾਚੌਰ ਵਿਖੇ ਮਿਤੀ 18 ਜੁਲਾਈ 2026 ਨੂੰ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਦੇ ਤਹਿਤ ਕੇਸਾਂ ਦੇ ਨਿਪਟਾਰੇ ਲਈ ਵਿਸ਼ੇਸ਼ ਲੋਕ ਅਦਾਲਤ ਦਾ ਆਯੋਜਨ - ਜ਼ਿਲ੍ਹਾਂ ਅਤੇ ਸ਼ੈਸਨ ਜੱਜ ਸ਼੍ਰੀ ਜਤਿੰਦਰ ਪਾਲ ਸਿੰਘ ਖੁਰਮੀ

**ਨਵਾਂਸ਼ਹਿਰ 13 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਮੈਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਜੀਆਂ ਦੇ ਪ੍ਰਾਪਤ ਹੁਕਮਾਂ ਤਹਿਤ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ਼੍ਰੀ ਜਤਿੰਦਰ ਪਾਲ ਸਿੰਘ ਖੁਰਮੀ ਵੱਲੋ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ 18 ਜੁਲਾਈ 2026 ਨੂੰ ਜ਼ਿਲ੍ਹਾਂ ਕੋਰਟ ਕੰਪਲੈਕਸ, ਸ.ਭ.ਸ ਨਗਰ ਅਤੇ ਸਬ-ਡੀਵੀਜ਼ਨ ਬਲਾਚੌਰ ਵਿਖੇ ਸਪੈਸ਼ਲ ਲੋਕ ਅਦਾਲਤ ਲਗਾਈ ਜਾਵੇ ਗਈ । ਜਿਲ੍ਹਾਂ ਅਤੇ



ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ਼੍ਰੀ ਜਤਿੰਦਰ ਪਾਲ ਸਿੰਘ ਖੁਰਮੀ ਵੱਲੋ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ , ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਦੇ ਤਹਿਤ ਕੇਸਾਂ ਦੇ ਨਿਪਟਾਰੇ ਲਈ ਵਿਸ਼ੇਸ਼ ਲੋਕ ਅਦਾਲਤ ਦਾ ਆਯੋਜਨ ਮਿਤੀ 18.07.2026 ਨੂੰ ਕੀਤਾ ਜਾਵੇਗਾ । ਇਸ ਤੋਂ ਇਲਾਵਾ ਉਨਾਂ ਕਿਹਾ ਕਿ ਸਪੈਸ਼ਲ ਲੋਕ ਅਦਾਲਤ ਵਿੱਚ ਕੇਸ ਲਗਾਉਣ ਲਈ ਜੇਕਰ ਕੋਈ ਪ੍ਰੇਸ਼ਾਨੀ ਆਉਦੀ ਹੈ ਤਾਂ ਦਫਤਰ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਅਤੇ ਦਫਤਰ ਦੇ ਨੰਬਰ 01823-223511 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ ।

# ਸਪੈਸ਼ਲ ਇੰਨਟੈਸਿਵ ਰਵੀਜ਼ਨ–2026, ਐਨਿਊਮਰੇਸ਼ਨ ਫਾਰਮ ਨੂੰ 100% ਡਿਜੀਟਾਈਜੇਸ਼ਨ ਕਰਨ ਵਾਲੇ ਬੀ.ਐਲ.ਓਜ਼ ਨੂੰ ਜਿਲ੍ਹਾ ਚੋਣ ਅਫਸਰ ਵਲੋਂ ਕੀਤਾ ਗਿਆ ਸਨਮਾਨਿਤ

**ਨਵਾਂਸ਼ਹਿਰ, 13 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀ ਗੁਲਪ੍ਰੀਤ ਸਿੰਘ ਔਲਖ ਨੇ ਵੋਟਰ ਸੂਚੀਆਂ ਦੀ ਚੱਲ ਰਹੀ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐਸ.ਆਈ.ਆਰ.) ਤਹਿਤ ਸੌ ਫੀਸਦੀ ਗਣਨਾ (ਇਨੂਮੀਰੇਸ਼ਨ) ਅਤੇ ਡਿਜੀਟਾਈਜ਼ੇਸ਼ਨ ਦਾ ਕੰਮ ਮੁਕੰਮਲ ਕਰਨ 'ਤੇ ਜ਼ਿਲ੍ਹੇ ਵਿੱਚ ਪੈਂਦੇ ਤਿੰਨੇ ਵਿਧਾਨ ਸਭਾ ਚੋਣ ਹਲਕੇ 046-ਬੰਗਾ, 47-ਨਵਾਂ ਸ਼ਹਿਰ ਅਤੇ 048-ਬਲਾਚੌਰ ਦੇ ਬੂਥ ਲੈਵਲ ਅਫ਼ਸਰਾਂ ਨੂੰ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਕੀਤਾ। ਵਿਧਾਨ ਸਭਾ ਚੋਣ ਹਲਕਾ 046-ਬੰਗਾ ਅਧੀਨ ਬੂਥ ਨੰਬਰ 56-ਜਡਿਆਲਾ ਬੀ.ਐਲ.ਓ ਸ਼੍ਰੀਮਤੀ ਰੇਸ਼ਮ ਕੌਰ, 58-ਬਾਲੋ ਤੋਂ ਸ਼੍ਰੀਮਤੀ ਪਰਮਜੀਤ ਕੌਰ, 75-ਲੰਗੇਰੀ ਤੋਂ ਸ਼੍ਰੀ ਹਰਜਿੰਦਰ ਸਿੰਘ, 129-ਮਹਿਰਮਪੁਰ ਤੋ ਸ਼੍ਰੀਮਤੀ ਸੰਤਸ਼ ਰਾਣੀ, 178-ਬੰਜੋਂ ਤੋਂ ਸ਼੍ਰੀਮਤੀ ਰਵਿੰਦਰ ਕੌਰ, 181-ਮਲਾਬੇਦੀਆ ਤੋਂ ਸ਼੍ਰੀਮਤੀ ਰਾਜਵਿੰਦਰ ਕੌਰ, 190-ਸੋਢੀਆਂ ਤੋਂ ਨਰਿੰਦਰ ਰਾਣੀ। ਵਿਧਾਨ ਸਭਾ ਚੋਣ ਹਲਕਾ 047-ਨਵਾਂ ਸ਼ਹਿਰ ਦੇ ਬੂਥ ਨੰ. 15-ਭੀਣ ਤੋਂ ਬੀ.ਐਲ.ਓ ਸ਼੍ਰੀਮਤੀ ਮਨਪ੍ਰੀਤ ਕੌਰ, 16-ਭੀਣ ਤੋਂ ਕਮਲਪਾਲ, 97-ਸੋਨਾ ਤੋਂ ਸ਼੍ਰੀਮਤੀ ਕਿਰਨਜੀਤ ਕੌਰ, 98-ਸੋਨਾ ਤੋਂ ਸ਼੍ਰੀ ਗੁਰਜੀਤ ਸਿੰਘ, 117-ਪੰਨੂ ਮਜਾਰਾ ਤੋਂ ਸ਼੍ਰੀ ਸੁਮੀਤ ਸੋਢੀ, 135-ਸਹਿਬਾਜਪੁਰ ਤੋਂ ਸ਼੍ਰੀ ਸੰਦੀਪ



ਕੁਮਾਰ, 162-ਰਾਣੇਵਾਲ ਤੋਂ ਸੁਮਨ ਪ੍ਰੀਆ , 183-ਕਾਹਲੋਂ ਤੋਂ ਸ਼੍ਰੀ ਨਰੇਸ਼ ਕੁਮਾਰ, 184-ਤਲਵੰਡੀ ਸੀਬੋਂ ਤੋਂ ਸ਼੍ਰੀਮਤੀ ਅਮਰਜੀਤ ਕੌਰ, 185-ਭਾਰਟਾ ਕਲਾਂ ਤੋਂ ਸ਼੍ਰੀਮਤੀ ਗੁਰਪ੍ਰੀਤ ਕੌਰ, ਇਸੇ ਤਰ੍ਹਾ ਵਿਧਾਨ ਸਭਾ ਚੋਣ ਹਲਕਾ 048-ਬਲਾਚੌਰ ਤੋਂ ਬੂਥ ਨੰ. 3 ਬੀ.ਐਲ.ਓ ਸ਼੍ਰੀ ਸੁਰਿੰਦਰ ਕੁਮਾਰ, 13-ਕੁਲਪੁਰ ਤੋਂ ਵਿਜੈ ਕੁਮਾਰ, 14-ਨਵਾਂਗਰਾ ਤੋਂ ਸ਼੍ਰੀ ਨਿਰਮਲ ਸਿੰਘ ਹਕਲਾ, 24-ਹਿਆਤਪੁਰ ਰੁੜਕੀ ਤੋਂ ਗੁਰਦਿਆਲ ਸਿੰਘ, 41-ਸਾਹਿਬਾ ਤੋਂ ਸ਼੍ਰੀ ਰਵਿੰਦਰ ਕੁਮਾਰ, 43-ਸਾਧੜਾ ਤੋਂ ਸ਼੍ਰੀ ਬਲਕਾਰ ਰਾਮ, 54-ਪੈਲੀ ਤੋਂ ਸ਼੍ਰੀ ਕੁਲਵਿੰਦਰ ਸਿੰਘ, 56-ਚੁਹੜਪੁਰ ਤੋਂ ਸ਼੍ਰੀ ਬਲਵੰਤ ਰਾਏ, 82-ਗਰਲੇ ਢਾਹਾ ਤੋਂ ਸ਼੍ਰੀਮਤੀ ਕੁਲਵਿੰਦਰ ਕੌਰ, 139-ਉਲਾਦਣੀ ਤੋਂ ਸ਼੍ਰੀਮਤੀ ਸੁਸ਼ਮਾ ਸ਼ਰਮਾਂ, 146-ਜੱਟਪੁਰ ਤੋਂ ਮਨਪ੍ਰੀਤ , 148-ਨਾਨੋਵਾਲ ਬੇਟ ਤੋਂ ਸ਼੍ਰੀ ਸਵਰਾਜ ਕੁਮਾਰ, 159-ਮੂਤੋਂ ਤੋਂ ਸ਼੍ਰੀਮਤੀ ਅਮਨਦੀਪ ਕੌਰ ਨੂੰ ਸੌਂਪੇ ਗਏ। ਇਹ ਸਨਮਾਨ ਉਨ੍ਹਾਂ ਨੂੰ ਆਪਣੇ ਸਬੰਧਤ ਪੋਲਿੰਗ ਬੂਥਾਂ 'ਤੇ ਵੋਟਰਾਂ ਦੀ ਪੂਰੀ ਗਣਨਾ ਯਕੀਨੀ ਬਣਾਉਣ ਅਤੇ ਬੀ.ਐਲ.ਓ. ਐਪ ਰਾਹੀਂ ਮੁਕੰਮਲ ਡਿਜੀਟਾਈਜ਼ੇਸ਼ਨ ਹਾਸਲ ਕਰਨ ਵਿੱਚ ਬਿਹਤਰੀਨ ਪ੍ਰਦਰਸ਼ਨ ਲਈ ਦਿੱਤਾ ਗਿਆ। ਬੀ.ਐਲ.ਓਜ਼ ਨੂੰ ਮੁਬਾਰਕਬਾਦ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਦੀ ਲਗਨ ਅਤੇ ਸਮਰਪਣ ਇਸ ਵਿਆਪਕ ਚੋਣ ਅਭਿਆਸ ਵਿੱਚ ਲੱਗੇ ਹੋਰਨਾਂ ਬੀ.ਐਲ.ਓਜ਼ ਲਈ ਪ੍ਰੇਰਨਾ ਦਾ ਕੰਮ ਕਰੇਗਾ। ਸ਼੍ਰੀ ਗੁਲਪ੍ਰੀਤ ਸਿੰਘ ਔਲਖ ਨੇ ਹਰੇਕ ਵੋਟਰ ਤੱਕ ਸਫ਼ਲਤਾਪੂਰਵਕ ਪਹੁੰਚਣ ਅਤੇ ਪ੍ਰਕਿਰਿਆ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਲਈ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਆਮ ਵਸਨੀਕਾਂ ਨੂੰ ਅਪੀਲ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਨੇ ਸਾਰੇ ਯੋਗ ਵੋਟਰਾਂ ਨੂੰ ਬੀ.ਐਲ.ਓਜ਼ ਨਾਲ ਸਹਿਯੋਗ ਕਰਨ ਅਤੇ ਲੋੜੀਂਦੇ ਦਸਤਾਵੇਜ਼ਾਂ ਦੇ ਨਾਲ ਆਪਣੇ ਭਰੇ ਹੋਏ ਗਣਨਾ ਫਾਰਮ ਜਲਦ ਤੋਂ ਜਲਦ ਜਮ੍ਹਾ ਕਰਵਾਉਣ ਦੀ ਅਪੀਲ ਕੀਤੀ।

# ਧੰਨ ਧੰਨ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਸੇਵਕਾਂ ਵਲੋਂ ਲਗਾਏ ਗਏ ਖ਼ੂਨਦਾਨ ਕੈਂਪ ਦੌਰਾਨ 26 ਯੂਨਿਟ ਖ਼ੂਨਦਾਨ

**ਫਿਲੌਰ/ਅੱਪਰਾ, 13 ਜੁਲਾਈ (ਦੀਪਾ)**-ਸਥਾਨਕ ਅੱਪਰਾ ਦੇ ਮੰਡੀ ਰੋਡ ਵਿਖੇ ਸਥਿਤ ਦਰਬਾਰ ਬਾਬਾ ਸ਼ੇਖ ਨਸ਼ੀਰਾ ਜੀ ਦੇ ਅਸਥਾਨ 'ਤੇ ਧੰਨ ਧੰਨ ਸ੍ਰੀ ਨਾਂਭ ਕੰਵਲ ਰਾਜਾ ਸਾਹਿਬ ਜੀ ਦੇ ਸੇਵਕਾਂ ਵਲੋਂ ਦਰਬਾਰ ਬਾਬਾ ਸ਼ੇਖ ਨਸ਼ੀਰਾ ਪ੍ਰਬੰਧਕ ਕਮੇਟੀ, ਸਿਵਲ ਹਸਪਤਾਲ ਫਗਵਾੜਾ, ਐਨ ਆਰ ਆਈ ਵੀਰਾਂ, ਗ੍ਰਾਮ ਪੰਚਾਇਤ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਸਵੈ ਇਛੁੱਕ ਖ਼ੂਨਦਾਨੀਆਂ ਨੇਂ 26 ਯੂਨਿਟ ਖ਼ੂਨਦਾਨ ਕੀਤਾ। ਖ਼ੂਨਦਾਨ ਕੈਂਪ ਨੂੰ ਸਫ਼ਲ ਬਣਾਉਣ ਵਿੱਚ ਸਤਿੰਦਰ ਲੁਧਿਆਣਾ, ਕਾਕਾ ਬੜੇਪਿੰਡੀਆ, ਹਰਜੀਤ ਸਿੰਘ ਲਾਂਬੜਾ, ਲਾਲੀ ਬਾਸੀ ਅੱਪਰਾ, ਦਰਬਾਰ ਬਾਬਾ ਸ਼ੇਖ ਨਸ਼ੀਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਜੇਸ਼ ਕੁਮਾਰ ਜੌਨੀ, ਬਲਜੀਤ ਟਰੈਵਲਜ ਲਾਂਬੜਾ,



ਰਾਜੂ ਬਾਸੀ ਡਰਾਇਵਰ, ਸੁਰਿੰਦਰ ਸ਼ਿੰਦਾ ਅੱਪਰਾ, ਸੰਦੀਪ ਚੱਕ ਸਾਹਬੂ, ਮਾਣਾ ਅੱਪਰਾ, ਪ੍ਰਭ ਪਾਲ ਅੱਪਰਾ, ਮਨੋਜ ਕੁਮਾਰ ਡਿੰਪੀ, ਮਨਜਿੰਦਰ ਢਿੱਲੋਂ, ਬਿੰਦੂ ਅੱਪਰਾ, ਵਰਿੰਦਰ ਢੰਡਵਾੜ, ਵਰਿੰਦਰ ਅੱਟੀ, ਚੰਨੀ ਭਰੋਮਜਾਰਾ, ਮੰਨਾ ਨੂਰਮਹਿਲ, ਸੁਰਜੀਤ ਅਟੈਚੀ ਹਾਊਸ ਅੱਪਰਾ, ਸੋਨੂੰ ਅੱਪਰਾ, ਰਵੀ ਅੱਪਰਾ, ਸੋਮ ਨਾਥ ਸਾਬਕਾ ਪੰਚ, ਕੁਲਵਿੰਦਰ ਕਿੰਦਾ ਸਾਬਕਾ ਪੰਚ, ਕਾਲਾ ਰਾਜਪੁਰਾ, ਬੁੱਧੂ ਪਾਲਨੌਂ, ਨਿੰਦਰ, ਕੰਗ, ਪੰਮਾ ਟੈਂਟ ਹਾਊਸ, ਸੋਨੂੰ ਸਬਜ਼ੀ ਵਾਲੇ ਦਾ ਵਿਸ਼ੇਸ਼ ਸਹਿਯੋਗ ਰਿਹਾ। ਸਾਰੇ ਹੀ ਸਵੈ ਇਛੁੱਕ ਖ਼ੂਨਦਾਨੀਆਂ ਨੂੰ ਪ੍ਰਬੰਧਕਾਂ ਵਲੋਂ ਯਾਦਗਾਰੀ ਚਿੰਨ੍ਹ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਿਫਰੈਸ਼ਮੈਂਟ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ।

# ਭਾਰਤ ਵਿਕਾਸ ਪ੍ਰੀਸ਼ਦ ਸਾਖਾ ਭੀਖੀ ਦੀ ਮਹੀਨਾਵਾਰ ਮੀਟਿੰਗ ਸੰਪੰਨ





**ਭੀਖੀ,13 ਜੁਲਾਈ (ਕਮਲ ਜਿੰਦਲ)** ਭਾਰਤ ਵਿਕਾਸ ਪ੍ਰੀਸ਼ਦ ਸਾਖਾ ਭੀਖੀ ਦੀ ਮਹੀਨਾਵਾਰ ਮੀਟਿੰਗ ਸੰਸਥਾ ਦੇ ਪ੍ਰਧਾਨ ਗੁਰਤੇਜ ਸਿੰਘ ਚਹਿਲ (ਸਮਾਓਂ) ਦੀ ਪ੍ਰਧਾਨਗੀ ਹੇਠ ਕਰਵਾਈ ਗਈ। ਮੀਟਿੰਗ ਦੀ ਸ਼ੁਰੂਆਤ ਭਾਰਤ ਮਾਤਾ ਦੀ ਤਸਵੀਰ 'ਤੇ ਹਾਰ ਪਾ ਕੇ ਅਤੇ ਜੋਤੀ ਜਲਾ ਕੇ ਕੀਤੀ ਗਈ। ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਪੰਜਾਬ ਦੱਖਣ ਦੇ ਪ੍ਰਾਂਤੀ ਪ੍ਰਧਾਨ ਮਨੋਜ ਮੋਂਗਾ, ਰੀਜਨਲ ਆਰਗੇਨਾਈਜ਼ਿੰਗ ਸਕੱਤਰ ਸੁਨੀਲ ਜੈਨ, ਪ੍ਰਾਂਤੀ ਆਰਗੇਨਾਈਜ਼ਿੰਗ ਸਕੱਤਰ ਸੁਮਨ ਕਾਂਤ ਵਿਜ ਅਤੇ ਜ਼ਿਲ੍ਹਾ ਮਾਨਸਾ ਦੇ ਡਿਸਟ੍ਰਿਕਟ ਕੋਆਰਡੀਨੇਟਰ ਰਾਜ ਕੁਮਾਰ ਕਾਂਸਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਪਹੁੰਚੇ ਹੋਏ ਅਹੁਦੇਦਾਰਾਂ ਅਤੇ ਸੰਸਥਾ ਦੇ ਹਾਜ਼ਰ ਮੈਂਬਰਾਂ ਨੇ ਮਾਤਾ ਸੀਤਲਾ ਦੇਵੀ ਦੇ ਸਥਾਨ 'ਤੇ ਇੱਕ ਛਾਂਦਾਰ ਬੂਟਾ ਵੀ ਲਗਾਇਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਾਂਤੀ ਪ੍ਰਧਾਨ ਮਨੋਜ ਮੋਂਗਾ ਨੇ ਭੀਖੀ ਸਾਖਾ ਵੱਲੋਂ ਸਮੇਂ-ਸਮੇਂ 'ਤੇ ਕੀਤੇ ਜਾ ਰਹੇ ਲੋਕ ਭਲਾਈ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਸਾਖਾ ਨੂੰ ਸਮਾਜ ਸੇਵਾ ਦੀਆਂ ਗਤੀਵਿਧੀਆਂ ਨੂੰ ਹੋਰ ਵਿਸਥਾਰ ਦੇਣ ਅਤੇ ਵੱਧ ਤੋਂ ਵੱਧ ਨਵੇਂ ਮੈਂਬਰ ਜੋੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਾਖਾ ਵਿੱਚ ਦੋ ਨਵੇਂ ਮੈਂਬਰ ਕੁਲਦੀਪ ਸਿੰਘ ਚਹਿਲ ਅਤੇ ਗੁਰਅੰਸ ਸਿੰਘ ਚਹਿਲ ਨੂੰ ਭਾਰਤ ਵਿਕਾਸ ਪ੍ਰੀਸ਼ਦ ਦੀ ਮੈਂਬਰਸ਼ਿਪ ਦਿੱਤੀ ਗਈ। ਸੰਸਥਾ ਦੇ ਪ੍ਰਧਾਨ ਗੁਰਤੇਜ ਸਿੰਘ ਚਹਿਲ ਅਤੇ ਸਾਖਾ ਸਕੱਤਰ ਰਾਜ ਕੁਮਾਰ ਵੱਲੋਂ ਪਹਿਲੀ ਵਾਰ ਭੀਖੀ ਸਾਖਾ ਵਿਖੇ ਪਹੁੰਚੇ ਸਮੂਹ ਪ੍ਰਾਂਤੀ ਅਹੁਦੇਦਾਰਾਂ ਦਾ ਗੁਲਦਸਤੇ ਭੇਂਟ ਕਰਕੇ ਅਤੇ ਲੋਈਆਂ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ। ਮੀਟਿੰਗ ਵਿੱਚ ਵਿਵੇਕ ਜੈਨ, ਰਾਕੇਸ਼ ਕੁਮਾਰ, ਸੁਖਦੇਵ ਸਿੰਘ, ਸੰਜੀਵ ਕੁਮਾਰ, ਮਾਸਟਰ ਬ੍ਰਿਜ ਲਾਲ, ਸੁਰੇਸ਼ ਕੁਮਾਰ ਆੜ੍ਹਤੀਆ ਪ੍ਰਧਾਨ, ਸਾਬਕਾ ਪ੍ਰਧਾਨ ਐਸ.ਈ. ਰਾਮ ਸਿੰਘ ਰੋਮੀ, ਅਜੈਵੀਰ ਸਿੰਘ ਸੰਧੂ (ਵੈਟਰਨਰੀ ਫਾਰਮਾਸਿਸਟ) ਸਮੇਤ ਹੋਰ ਮੈਂਬਰ ਵੀ ਹਾਜ਼ਰ ਸਨ।

# 'ਸਤਲੁਜ' ਫ਼ਿਲਮ ਪੰਜਾਬ ਦੇ ਕਾਲੇ ਦੌਰ ਦੀ ਅਸਲੀਅਤ ਅਤੇ ਸਿਆਸੀ-ਅਫ਼ਸਰਸ਼ਾਹੀ ਗਠਜੋੜ ਦੇ ਅੱਤਿਆਚਾਰਾਂ ਦਾ ਪ੍ਰਤੱਖ ਪ੍ਰਮਾਣ: ਬ੍ਰਿਗੇਡੀਅਰ ਰਾਜ ਕੁਮਾਰ

**ਗੁਜਰ ਵੈਲਫੇਅਰ ਬੋਰਡ ਦੇ ਚੇਅਰਮੈਨ ਨੇ ਫ਼ਿਲਮ ਨੂੰ ਜਨਤਕ ਕਰਨ ਦੀ ਕੀਤੀ ਜ਼ੋਰਦਾਰ ਵਕਾਲਤ; ਆਖਿਆ ਸਿੱਖ ਭਾਈਚਾਰੇ ਨਾਲ ਹੋਏ ਧੱਕੇ ਅਤੇ ਨੌਜਵਾਨੀ ਦੇ ਘਾਣ ਦੇ ਦੋਸ਼ੀਆਂ ਨੂੰ ਕਦੇ ਬਖ਼ਸ਼ਿਆ ਨਾ ਜਾਵੇ**



**ਨਵਾਂਸ਼ਹਿਰ /ਕਾਠਗੜ੍ਹ, 13 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ):** ਪੰਜਾਬ ਦੇ ਸਿਆਸੀ ਅਤੇ ਸਮਾਜਿਕ ਹਲਕਿਆਂ ਵਿੱਚ ਇਸ ਵੇਲੇ ਚਰਚਾ ਦਾ ਵਿਸ਼ਾ ਬਣੀ ਫ਼ਿਲਮ 'ਸਤਲੁਜ' ਨੂੰ ਲੈ ਕੇ ਗੁਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨੇ ਆਖਿਆ ਕਿ ਇਹ ਫ਼ਿਲਮ ਪੰਜਾਬ ਦੇ ਉਸ ਕਾਲੇ ਦੌਰ ਦੀ ਅਸਲੀਅਤ ਨੂੰ ਬਿਆਨ ਕਰਦੀ ਹੈ, ਜਿਸ ਵਿੱਚ ਸਾਡੇ ਮਾਸੂਮ ਨੌਜਵਾਨਾਂ ਅਤੇ ਬੱਚਿਆਂ 'ਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ। ਇਸ ਫ਼ਿਲਮ ਰਾਹੀਂ ਸਾਹਮਣੇ ਆ ਰਹੇ ਸੱਚ ਦੀ ਪ੍ਰੋੜ੍ਹਤਾ ਕਰਦਿਆਂ ਉਨ੍ਹਾਂ ਦੱਸਿਆ ਕਿ ਸਿਸੋਦੀਆ ਸਾਹਿਬ ਵਰਗੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਇਸ ਧੱਕੇਸ਼ਾਹੀ ਖ਼ਿਲਾਫ਼ ਆਵਾਜ਼ ਚੁੱਕੀ ਹੈ। ਬ੍ਰਿਗੇਡੀਅਰ ਰਾਜ ਕੁਮਾਰ ਨੇ ਜ਼ੋਰ ਦੇ ਕੇ ਆਖਿਆ ਕਿ ਅੱਜ ਸਮੁੱਚੇ ਪੰਜਾਬ ਦੇ ਤਿੰਨ ਕਰੋੜ ਲੋਕਾਂ ਦੀ ਇਹੋ ਆਵਾਜ਼ ਹੈ ਕਿ ਇਸ ਫ਼ਿਲਮ ਨੂੰ ਪੂਰੀ ਤਰ੍ਹਾਂ ਜਨਤਕ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪੰਜਾਬ ਦਾ ਬੱਚਾ-ਬੱਚਾ ਇਹ ਜਾਣ ਸਕੇ ਕਿ ਕਿਵੇਂ ਉਸ ਦੌਰ ਵਿੱਚ ਸਾਡੇ ਹੀ ਲੋਕਾਂ 'ਤੇ ਬੇਰਹਿਮੀ ਨਾਲ ਅੱਤਿਆਚਾਰ ਕੀਤੇ ਗਏ।ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨੇ ਤਿੱਖੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਆਖਿਆ ਕਿ ਉਸ ਸਮੇਂ ਦੇ ਸਿਆਸੀ ਲੋਕਾਂ ਅਤੇ ਭ੍ਰਿਸ਼ਟ ਅਫ਼ਸਰਸ਼ਾਹੀ ਨੇ ਆਪਸ ਵਿੱਚ ਮਿਲ ਕੇ ਪੰਜਾਬ ਦੀ ਹੋਣਹਾਰ ਨੌਜਵਾਨੀ ਦਾ ਬੇਰਹਿਮੀ ਨਾਲ ਘਾਣ ਕੀਤਾ। ਉਨ੍ਹਾਂ ਜਜ਼ਬਾਤੀ ਹੁੰਦਿਆਂ ਆਖਿਆ ਕਿ ਮਾਵਾਂ ਦੇ ਪੁੱਤਾਂ ਅਤੇ ਬੀਬੀਆਂ ਦੇ ਸੁਹਾਗਾਂ ਨਾਲ ਜੋ ਕੁਝ ਵੀ ਉਸ ਦੌਰ ਵਿੱਚ ਹੋਇਆ, ਉਸ ਬਾਰੇ ਸੁਣ ਕੇ ਅਤੇ ਦੇਖ ਕੇ ਅੱਜ ਵੀ ਹਰ ਇੱਕ ਸੰਵੇਦਨਸ਼ੀਲ ਇਨਸਾਨ ਦਾ ਖੂਨ ਖੌਲ ਉੱਠਦਾ ਹੈ ਅਤੇ ਰੋਂਗਟੇ ਖੜ੍ਹੇ ਹੋ ਜਾਂਦੇ ਹਨ। ਉਨ੍ਹਾਂ ਸਾਫ਼ ਕੀਤਾ ਕਿ ਉਹ ਇਹ ਗੱਲ ਕਿਸੇ ਨਿੱਜੀ ਸਵਾਰਥ ਲਈ ਨਹੀਂ, ਸਗੋਂ ਇਲਾਕੇ ਦੇ ਲੋਕਾਂ ਅਤੇ ਆਮ ਜਨਤਾ ਦੇ ਦਿਲਾਂ ਦੀ ਜੋ ਆਵਾਜ਼ ਸੁਣੀ ਹੈ, ਉਸ ਜਨਤਕ ਭਾਵਨਾ ਨੂੰ ਬਿਆਨ ਕਰ ਰਹੇ ਹਨ।ਅਖੀਰ ਵਿੱਚ ਬ੍ਰਿਗੇਡੀਅਰ ਰਾਜ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਸਿੱਖ ਭਾਈਚਾਰੇ ਨਾਲ ਹੋਈਆਂ ਵਧੀਕੀਆਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਉਹ ਪੀੜਤ ਪਰਿਵਾਰਾਂ ਅਤੇ ਸਿੱਖ ਭਾਈਚਾਰੇ ਦੀ ਪੂਰੀ ਦਿਲੋਂ ਹਮਾਇਤ ਕਰਦੇ ਹਨ। ਉਨ੍ਹਾਂ ਮੰਗ ਕੀਤੀ ਕਿ ਜਿਨ੍ਹਾਂ ਵੀ ਦੋਸ਼ੀਆਂ ਨੇ ਪੰਜਾਬ ਦੀ ਧਰਤੀ 'ਤੇ ਇਹ ਘਿਨਾਉਣੇ ਕਾਰੇ ਕੀਤੇ ਹਨ, ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ। ਉਨ੍ਹਾਂ ਆਖਿਆ ਕਿ ਦੋਸ਼ੀਆਂ ਨੂੰ ਅਜਿਹੀ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਸਰਕਾਰ, ਸਿਆਸੀ ਪਾਰਟੀ ਜਾਂ ਕੋਈ ਵੀ ਵੱਡਾ ਅਧਿਕਾਰੀ ਲੋਕਾਂ 'ਤੇ ਅਜਿਹਾ ਅੱਤਿਆਚਾਰ ਕਰਨ ਦਾ ਕਦਮ ਚੁੱਕਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਣ ਲਈ ਮਜਬੂਰ ਹੋਵੇ।

# ਚੇਅਰਮੈਨ ਜਲਾਲਪੁਰ ਵੱਲੋਂ ਭਾਰਾਪੁਰ ਦੇ ਖੇਡਾਂ ਦੇ ਸਮਾਨ ਲਈ ਲਈ 1 ਲੱਖ ਰੁਪਏ ਦੀ ਰਾਸ਼ੀ ਬੱਚਿਆਂ ਨੂੰ ਨਸ਼ੇ ਤਿਆਗ ਕੇ ਖੇਡਾਂ ਵੱਲ ਧਿਆਨ ਦੇਣ ਦਾ ਸੱਦਾਲ



**ਬਲਾਚੌਰ 13 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ** )ਜ਼ਿਲ੍ਹਾ ਪਲੈਨਿੰਗ ਬੋਰਡ, ਸ਼ਹੀਦ ਭਗਤ ਸਿੰਘ ਨਗਰ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਵੱਲੋਂ ਅੱਜ ਪਿੰਡ ਭਾਰਾਪੁਰ ਵਿਖੇ ਇੱਕ ਜਨਤਕ ਇਕੱਠ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਬੱਚਿਆਂ ਨੂੰ ਨਸ਼ਿਆਂ ਦੇ ਕੋਹੜ ਤੋਂ ਦੂਰ ਰੱਖਣ ਅਤੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਮੌਕੇ 'ਤੇ ਹੀ ਬੱਚਿਆਂ ਦੇ ਖੇਡਾਂ ਦੇ ਸਮਾਨ ਵਾਸਤੇ 1 ਲੱਖ ਰੁਪਏ ਦੀ ਰਾਸ਼ੀ ਦਾ ਚੈਕ ਭੇਟ ਕੀਤਾ। ਚੇਅਰਮੈਨ ਜਲਾਲਪੁਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਵਚਨਬੱਧ ਹੈ। ਸਰਕਾਰ ਵੱਲੋਂ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਿੱਥੇ ਨਸ਼ਾ ਤਸਕਰਾਂ 'ਤੇ ਨਕੇਲ ਕੱਸੀ ਗਈ ਹੈ, ਉੱਥੇ ਹੀ ਪਿੰਡਾਂ ਦੀ ਨੁਹਾਰ ਬਦਲਣ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਖੁੱਲ੍ਹੇ ਦਿਲ ਨਾਲ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਨਵੇਂ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ। ਇਸ ਮੀਟਿੰਗ ਵਿੱਚ ਪਿੰਡਾਂ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਚੇਅਰਮੈਨ ਨੇ ਦਾਅਵਾ ਕੀਤਾ ਕਿ ਸਰਕਾਰ ਦੀਆਂ ਇਨ੍ਹਾਂ ਖੇਡ-ਪੱਖੀ ਅਤੇ ਲੋਕ-ਪੱਖੀ ਨੀਤੀਆਂ ਸਦਕਾ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਦੂਜੀ ਵਾਰ ਸਰਕਾਰ ਬਣਾਵੇਗੀ। ਇਸ ਮੌਕੇ ਚੇਅਰਮੈਨ ਜਲਾਲਪੁਰ ਨੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੌਕੇ ਤੇ ਅਫਸਰ ਸਹਿਬਾਨਾਂ ਨਾਲ ਗੱਲ ਕਰਕੇ ਉਨਾਂ ਨੂੰ ਹੱਲ ਕਰਨ ਲਈ ਕਿਹਾਲ ਇਸ ਮੌਕੇ ਸਾਬਕਾ ਸਰਪੰਚ ਬਚਿੱਤਰ ਸਿੰਘ, ਗੋਪਾਲ ਸਿੰਘ ਪੰਚ, ਸੁਖਦੇਵ ਸਿੰਘ ਪੰਚ, ਮਹਿੰਦਰ ਸਿੰਘ, ਰਵਿੰਦਰ ਸਿੰਘ, ਤਵਨ ਸਿੰਘ, ਗੁਰਪਾਲ ਸਿੰਘ, ਬਲਵੰਤ ਸਿੰਘ ਅਤੇ ਅਮਰੀਕ ਸਿੰਘ ਸਮੇਤ ਕਈ ਪਾਰਟੀ ਵਰਕਰ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਗੁਰਮੇਜ ਕੌਰ ਦੀ ਘਾਟ ਪਰਿਵਾਰ ਦੇ ਨਾਲ-ਨਾਲ ਪਾਰਟੀ ਵਿੱਚ ਵੀ ਕਦੇ ਪੂਰੀ ਨਹੀਂ ਹੋਵੇਗੀ: ਸੁਖਬੀਰ ਸਿੰਘ ਬਾਦਲ









**ਫਿਲੌਰ/ਅੱਪਰਾ, 13 ਜੁਲਾਈ(ਦੀਪਾ)**-ਵਿਧਾਨ ਸਭਾ ਹਲਕਾ ਫਿਲੌਰ ਤੋਂ ਸਾਬਕਾ ਵਿਧਾਇਕ ਸਰਦਾਰ ਬਲਦੇਵ ਸਿੰਘ ਖਹਿਰਾ ਦੀ ਸਤਿਕਾਰਯੋਗ ਮਾਤਾ ਸਵਰਗਵਾਸੀ ਸਰਦਾਰਨੀ ਗੁਰਮੇਜ ਕੌਰ ਜੀ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ, ਪਿੰਡ ਮੌ ਸਾਹਿਬ ਵਿਖੇ ਸਿੱਖ ਰੀਤੀ-ਰਿਵਾਜਾਂ ਅਨੁਸਾਰ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਸੰਪੰਨ ਹੋਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਸਵਰਗਵਾਸੀ ਮਾਤਾ ਗੁਰਮੇਜ ਕੌਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਦੁਖੀ ਪਰਿਵਾਰ ਨਾਲ ਡੂੰਘਾ ਦੁੱਖ ਸਾਂਝਾ ਕੀਤਾ ਅਤੇ ਅਕਾਲ ਪੁਰਖ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਦੀ ਅਰਦਾਸ ਕੀਤੀ।

ਹਾਜ਼ਰ ਸੰਗਤ ਨੂੰ ਸੰਬੋਧਨ ਕਰਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ, "ਮਾਤਾ ਗੁਰਮੇਜ ਕੌਰ ਜੀ ਦੀ ਘਾਟ ਸਿਰਫ਼ ਪਰਿਵਾਰ ਲਈ ਹੀ ਨਹੀਂ, ਸਗੋਂ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਪਰਿਵਾਰ ਲਈ ਵੀ ਕਦੇ ਪੂਰੀ ਨਹੀਂ ਹੋ ਸਕਦੀ।" ਉਨ੍ਹਾਂ ਕਿਹਾ ਕਿ ਮਾਤਾ ਜੀ ਨੇ ਆਪਣੇ ਜੀਵਨ ਦੌਰਾਨ ਧਾਰਮਿਕ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਅਪਣਾਇਆ ਅਤੇ ਆਪਣੇ ਪਰਿਵਾਰ ਨੂੰ ਸੇਵਾ, ਸਿਮਰਨ ਅਤੇ ਗੁਰਬਾਣੀ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਸੰਗਤ ਨੂੰ ਗੁਰਬਾਣੀ ਦੇ ਉਪਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਨ ਅਤੇ ਪਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਦਾ ਸੰਦੇਸ਼ ਦਿੱਤਾ।

ਅੰਤਿਮ ਅਰਦਾਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ, ਧਾਰਮਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕਰਕੇ ਸਵਰਗਵਾਸੀ ਮਾਤਾ ਗੁਰਮੇਜ ਕੌਰ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਸੰਤ ਨਿਰਮਲ ਸਿੰਘ ਜੀ (ਜਨਰਲ ਸਕੱਤਰ, ਸ੍ਰੀ ਗੁਰੂ ਰਵਿਦਾਸ ਸਾਧੂ ਸੰਤ ਸੰਪ੍ਰਦਾਇ ਸੁਸਾਇਟੀ ਪੰਜਾਬ), ਸੰਤ ਦੇਸ ਰਾਜ ਜੀ (ਡੇਰਾ ਬਾਬਾ ਗੋਬਿੰਦਦਾਸ, ਫਗਵਾੜਾ), ਸੰਤ ਬਾਬਾ ਸੁਖਵਿੰਦਰ ਸਿੰਘ ਜੀ (ਗੁਰਦੁਆਰਾ ਸਿੰਘਾਂ ਸ਼ਹੀਦਾਂ, ਆਲੋਵਾਲ), ਸੰਤ ਜਸਵਿੰਦਰ ਸਿੰਘ (ਡੇਰਾ ਬਾਬਾ ਹੰਸ ਰਾਜ, ਪੰਡਵਾਂ ਵਾਲੇ), ਬਾਬਾ ਬਲਕੌਰ ਸਿੰਘ (ਦਮਦਮੀ ਟਕਸਾਲ), ਜਥੇਦਾਰ ਨੌਰੰਗ ਸਿੰਘ (ਹਰਿਆਂ ਵੇਲਾਂ ਵਾਲੇ), ਕੁਲਵੰਤ ਸਿੰਘ ਮੰਨਣ (ਮੁੱਖ ਸਕੱਤਰ, ਐਸ.ਜੀ.ਪੀ.ਸੀ., ਸ੍ਰੀ ਅੰਮ੍ਰਿਤਸਰ ਸਾਹਿਬ), ਬਲਦੇਵ ਸਿੰਘ ਕਲਿਆਣ (ਮੀਤ ਪ੍ਰਧਾਨ, ਐਸ.ਜੀ.ਪੀ.ਸੀ., ਸ੍ਰੀ ਅੰਮ੍ਰਿਤਸਰ ਸਾਹਿਬ), ਜਥੇਦਾਰ ਹਰਜਿੰਦਰ ਸਿੰਘ ਲੱਲੀਆਂ (ਸਾਬਕਾ ਐਸ.ਜੀ.ਪੀ.ਸੀ. ਮੈਂਬਰ), ਬਾਬਾ ਬਛੋਵਾਲ (ਸਾਬਕਾ ਮਾਰਕੀਟ ਕਮੇਟੀ ਮੈਂਬਰ), ਡਾ. ਸੁਖਵਿੰਦਰ ਕੁਮਾਰ ਸੁਖੀ (ਵਿਧਾਇਕ, ਬੰਗਾ), ਸੁਖਵਿੰਦਰ ਸਿੰਘ ਕੋਟਲੀ (ਵਿਧਾਇਕ, ਆਦਮਪੁਰ), ਬਚਿੱਤਰ ਸਿੰਘ ਕੋਹਾੜ (ਜ਼ਿਲ੍ਹਾ ਪ੍ਰਧਾਨ, ਜਲੰਧਰ ਦਿਹਾਤੀ), ਇਕਬਾਲ ਢਿੰਡਸਾ (ਜ਼ਿਲ੍ਹਾ ਪ੍ਰਧਾਨ, ਜਲੰਧਰ ਸ਼ਹਿਰੀ), ਰਣਜੀਤ ਸਿੰਘ ਢਿੱਲੋਂ (ਸਾਬਕਾ ਵਿਧਾਇਕ, ਲੁਧਿਆਣਾ), ਸਾਬਕਾ ਵਿਧਾਇਕ ਮੋਹਣ ਲਾਲ (ਬੰਗਾ), ਐੱਸ. ਐੱਲ. ਕਲੇਰ (ਸਾਬਕਾ ਵਿਧਾਇਕ, ਜਗਰਾਓਂ), ਹਰਜਾਪ ਸਿੰਘ ਸੰਘਾ (ਹਲਕਾ ਇੰਚਾਰਜ, ਜਲੰਧਰ ਕੈਂਟ), ਹਰਿੰਦਰ ਸਿੰਘ ਢਿੰਡਸਾ (ਹਲਕਾ ਇੰਚਾਰਜ, ਜਲੰਧਰ ਸੈਂਟਰ), ਸੁਖਦੀਪ ਸ਼ਿਕਾਰ (ਹਲਕਾ ਇੰਚਾਰਜ, ਨਵਾਂਸ਼ਹਿਰ), ਸੁਖਦੀਪ ਸਿੰਘ (ਹਲਕਾ ਇੰਚਾਰਜ, ਬਲਾਚੌਰ), ਪ੍ਰਸਿੱਧ ਗਾਇਕ ਕੇ. ਐੱਸ. ਮੱਖਣ, ਰਾਜ ਕਮਲ ਭੁੱਲਰ (ਹਲਕਾ ਨਕੋਦਰ), ਭਾਈ ਅਮਰੀਕ ਸਿੰਘ ਬਲੋਵਾਰ (ਮੁੱਖ ਬੁਲਾਰਾ, ਸ਼੍ਰੋਮਣੀ ਅਕਾਲੀ ਦਲ, ਪੰਜਾਬ), ਪ੍ਰਿੰਸੀਪਲ ਪ੍ਰੇਮ ਕੁਮਾਰ (ਫਿਲੌਰ), ਜਥੇਦਾਰ ਮਹਾ ਸਿੰਘ ਰਸੂਲਪੁਰ, ਭੁਵਨੇਸ਼ ਸ਼ਰਮਾ (ਫਿਲੌਰ ਸ਼ਹਿਰ), ਕੁਲਵਿੰਦਰ ਸਿੰਘ ਸੰਧੂ (ਗੁਰਾਇਆ), ਅਮਰਜੀਤ ਢੇਸੀ, ਮਲਕੀਤ ਸਿੰਘ ਪ੍ਰਤਾਬਪੁਰਾ, ਮਨਜੀਤ ਸਿੰਘ ਬਿੱਲਾ ਨੰਗਲ, ਰਵਿੰਦਰਵੀਰ ਸਿੰਘ ਗੰਨਾ ਪਿੰਡ, ਅਮਰਜੀਤ ਸਿੰਘ ਕਟਾਣਾ, ਕੁਲਦੀਪ ਸਿੰਘ ਜੌਹਲ, ਅਜੀਤ ਸਿੰਘ ਲਸਾੜਾ, ਹਰਵਿੰਦਰ ਸਿੰਘ ਸ਼ਾਹਪੁਰ, ਵਿੱਕੀ ਬੜਾ ਪਿੰਡ, ਸੁਖਦੀਪ ਸੁੱਖਾ ਬੁੰਡਾਲਾ, ਬਹਾਦਰ ਸਿੰਘ, ਬਲਜੀਤ ਥਾਣਾ, ਜੁਝਾਰ ਸੱਗੂ, ਅਮਨਿੰਦਰ ਤੱਗੜ, ਰਣਜੀਤ ਕੌਰ, ਜਸਵਿੰਦਰ ਕੁਮਾਰ, ਜਗਜੀਤ ਮੰਗਾ, ਡਾ. ਕੁਲਦੀਪ ਰਾਏ, ਰਾਜਪਾਲ ਸਿੰਘ ਅਟਵਾਲ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ, ਹਲਕਾ ਇੰਚਾਰਜ, ਧਾਰਮਿਕ ਅਤੇ ਸਮਾਜਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਡਾ. ਇਕਬਾਲ ਸਿੰਘ ਸਕਰੌਦੀ ਦੇ ਕਹਾਣੀ ਸੰਗ੍ਰਹਿ ਗੁਨਾਹਗਾਰ ਕੌਣ ਉਪਰ ਗੋਸ਼ਟੀ ਕਰਵਾਈ

**ਬਰਨਾਲਾ (ਚੰਡਿਹੋਕ)।** ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਿਕ ਪੰਜਾਬ ਆਈ ਟੀ ਆਈ ਵਿਖੇ ਕਰਵਾਇਆ ਗਿਆ ।ਇਸ ਸਮਾਗਮ ਵਿੱਚ ਡਾ ਇਕਬਾਲ ਸਿੰਘ ਸਕਰੌਦੀ ਦੇ ਕਹਾਣੀ ਸੰਗ੍ਰਹਿ ਗੁਨਾਹਗਾਰ ਕੌਣ ਉੱਪਰ ਗੋਸ਼ਟੀ ਕਰਵਾਈ ਗਈ ਜਿਸ ਉੱਪਰ ਪਰਚਾ ਪੜ੍ਹਦਿਆਂ ਡਾ ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਡਾ ਇਕਬਾਲ ਸਿੰਘ ਸਕਰੌਦੀ ਦੀਆਂ ਕਹਾਣੀਆਂ ਮਾਨਵਵਾਦੀ ਦ੍ਰਿਸ਼ਟੀ ਨੂੰ ਉਭਾਰਦੀਆਂ ਸਮਾਜਿਕ ਚੇਤਨਾ ਦਾ ਪ੍ਰਸਾਰ ਕਰਦੀਆਂ ਹਨ ਇਹਨਾਂ ਕਹਾਣੀਆਂ ਦੀ ਮੁੱਖ ਧੁਨੀ ਸਮਾਜ ਵਿਚਲੇ ਗੰਧਲੇਪਣ ਨੂੰ ਖਤਮ ਕਰਨ ਦਾ ਹੋਕਾ ਦਿੰਦੀ ਹੈ।

ਪ੍ਰਸਿੱਧ ਆਲੋਚਕ ਡਾ ਸੁਰਜੀਤ ਬਰਾੜ ਨੇ ਕਿਹਾ ਕਿ ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਸੰਵੇਦਨਹੀਨ ਮਨੁੱਖ ਨੂੰ ਸੰਵੇਦਨਸ਼ੀਲ ਕਿਰਿਆਹੀਣ ਨੂੰ ਕਿਰਿਆਸ਼ੀਲ ਬਣਨ ਅਤੇ ਮੁਹੱਬਤਹੀਣ ਲੋਕਾਂ ਦੇ ਅੰਦਰ ਮੋਹ ਦੇ ਕਰੰਡ ਹੋਏ ਬੀਜਾਂ ਨੂੰ ਉੱਗਣ ਲਈ ਮੌਸਮ ਪ੍ਰਦਾਨ ਕਰਦੀਆਂ ਮਨੁੱਖ ਅੰਦਰ ਮਾਣਵੀ ਗੁਣ ਪੈਦਾ ਕਰਦੀਆਂ ਹਨ । ਸਭਾ ਦੇ ਪ੍ਰਧਾਨ ਡਾ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਹਾਣੀਆਂ ਦੀ ਪੜਚੋਲ ਕਰਦੇ ਹੋਏ ਕਿਹਾ ਕਿ ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਮਨੁੱਖ ਨੂੰ ਆਦਰਸ਼ਵਾਦੀ ਮਨੁੱਖ ਬਣਨ ਦਾ ਸੁਨੇਹਾ ਦਿੰਦੀਆਂ ਯਥਾਰਥਵਾਦ ਦੇ ਨੇੜੇ ਹਨ।



ਤੇਜਾ ਸਿੰਘ ਤਿਲਕ ਨੇ ਕਹਾਣੀ ਸੰਗ੍ਰਹਿ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਸਿੱਖਿਆਦਾਇਕ ਅਤੇ ਉਪਦੇਸ਼ਆਤਮਕ ਹਨ ਵਿਦਿਆਰਥੀ ਵਰਗ ਨੂੰ ਇਹ ਕਹਾਣੀਆਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ । ਭੋਲਾ ਸਿੰਘ ਸੰਘੇੜਾ ਨੇ ਕਿਹਾ ਕਿ ਸਾਰੀਆਂ ਕਹਾਣੀਆਂ ਸਾਡੇ ਦੁਆਲੇ ਦੇ ਜੀਵਨ ਬਿਰਤਾਂਤ ਦੀ ਮਹੱਤਵਪੂਰਨ ਸਮਝ ਪੈਦਾ ਕਰਦੀਆਂ ਹਨ ਇਹ ਕਹਾਣੀ ਸੰਗ੍ਰਹਿ ਦੀ ਵਿਧਾ ਸਾਹਿਤਕ ਨਿਬੰਧਾਂ ਦਾ ਭੁਲੇਖਾ ਪਾਉਂਦੀ ਹੋਈ ਕਹਾਣੀ ਕੈਨਵਸ ਵਿੱਚ ਆਪਣਾ ਨਾਂ ਲਿਖਵਾਉਂਦੀ ਹੈ। ਇਹਨਾਂ ਤੋਂ ਇਲਾਵਾ ਜੁਗਰਾਜ ਧੌਲਾ ਕਹਾਣੀਕਾਰ ਪਰਮਜੀਤ ਮਾਨ ਨਾਵਲਕਾਰ ਦਰਸ਼ਨ ਸਿੰਘ ਗੁਰੂ ਡਾ ਅਮਨਦੀਪ ਸਿੰਘ ਟੱਲੇਵਾਲੀਆ ਜਗਤਾਰ ਜਜ਼ੀਰਾ ਅਤੇ ਡਾ ਰਾਮਪਾਲ ਸਿੰਘ ਸ਼ਾਹਪੁਰੀ ਨੇ ਇਸ ਕਹਾਣੀ ਸੰਗ੍ਰਹਿ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਸੁਦਰਸ਼ਨ ਗੁੱਡੂ ਜਗਤਾਰ ਬੈਂਸ ਕਰਮ ਸਿੰਘ ਜ਼ਖ਼ਮੀ ਲਖਵਿੰਦਰ ਸਿੰਘ ਠੀਕਰੀਵਾਲ ਪ੍ਰਿੰ ਕੌਰ ਸਿੰਘ ਧਨੌਲਾ ਸਿੰਦਰ ਧੌਲਾ ਸੁਖਦੇਵ ਸਿੰਘ ਔਲਖ ਦਵਿੰਦਰ ਸਿੰਘ ਸੰਘੇੜਾ ਰਾਮ ਸਿੰਘ ਬੀਹਲਾ ਡਾ ਉਜਾਗਰ ਸਿੰਘ ਮਾਨ ਗੁਰਜੰਟ ਸਿੰਘ ਬਰਨਾਲਾ ਐਸਪੀ ਕਾਲੇ ਕੇ ਜਗਰਾਜ ਚੰਦ ਰਾਏਸਰ ਪਵਨ ਕੁਮਾਰ ਹੋਸ਼ੀ ਸੁਰਜੀਤ ਸਿੰਘ ਮੌਜੀ ਸੁਖਵਿੰਦਰ ਸਿੰਘ ਸਨੇਹ ਬੱਲੀ ਬਲਜਿੰਦਰ ਈਲਵਾਲ ਰੁਪਿੰਦਰ ਕੌਰ ਸ਼ਹਿਣਾ ਜਸਵਿੰਦਰ ਕੌਰ ਘਨੌਰੀ ਗੁਰਤੇਜ ਸਿੰਘ ਮੱਖਣ ਹਾਕਮ ਸਿੰਘ ਰੂੜੇਕੇ ਅਮਰਜੀਤ ਸਿੰਘ ਅਮਨ ਧੂਰੀ ਸੁਰਿੰਦਰ ਸ਼ਰਮਾ ਨਾਗਰਾ ਰਘਵੀਰ ਸਿੰਘ ਗਿੱਲ ਕੱਟੂ ਭਰਪੂਰ ਸਿੰਘ ਗਰਚਾ ਜਤਿੰਦਰ ਸਿੰਘ ਉਪਲੀ ਸਰੂਪ ਚੰਦ ਹਰੀਗੜ ਬਹਾਦਰ ਸਿੰਘ ਧੌਲਾ ਸੁਰਿੰਦਰ ਬਾਵਾ ਪਰਮਜੀਤ ਕੌਰ ਜੋਧਪੁਰ ਅਤੇ ਚਰਨਜੀਤ ਕੌਰ ਨੇ ਆਪਣੇ ਗੀਤਾਂ ਅਤੇ ਕਵਿਤਾਵਾਂ ਪੇਸ਼ ਕੀਤੀਆਂ ।ਉਪਰੰਤ ਸਭਾ ਵੱਲੋਂ ਡਾ ਇਕਬਾਲ ਸਿੰਘ ਸਕਰੌਦੀ ਦਾ ਸਨਮਾਨ ਕੀਤਾ ਗਿਆ।

# ਚੇਅਰਮੈਨ ਜਲਾਲਪੁਰ ਨੇਂ ਕੀਤੀ ਲੋਕ ਮਿਲਣੀ "ਪੰਜਾਬ ਦਾ ਇੱਕੋ ਨਾਹਰਾ, ਭਗਵੰਤ ਮਾਨ ਦੁਬਾਰਾ "


**ਨਵਾਂਸ਼ਹਿਰ /ਕਾਠਗੜ੍ਹ 13 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਪਲੈਨਿੰਗ ਬੋਰਡ ਸ਼ਹੀਦ ਭਗਤ ਸਿੰਘ ਨਗਰ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਵੱਲੋਂ ਅੱਜ ਦੋਭਾਲੀ ਮੰਡ ਵਿਖੇ ਖੁਸ਼ੀ ਰਾਮ ਭਾਟੀਆ ਦੇ ਨਿਵਾਸ 'ਤੇ ਇੱਕ ਵਿਸ਼ਾਲ ਜਨਤਕ ਇਕੱਠ ਅਤੇ ਪਾਰਟੀ ਵਰਕਰਾਂ ਨਾਲ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਮੰਡ ਏਰੀਏ ਦੇ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਮੀਟਿੰਗ ਦੌਰਾਨ ਜਿੱਥੇ ਇਲਾਕਾ ਨਿਵਾਸੀਆਂ ਨਾਲ ਮੰਡ ਖੇਤਰ ਦੀਆਂ ਮੁਸ਼ਕਿਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ, ਉੱਥੇ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਕੀਤੇ ਗਏ ਬੇਮਿਸਾਲ ਵਿਕਾਸ ਕਾਰਜਾਂ ਅਤੇ ਸਹੂਲਤਾਂ ਦਾ ਵੇਰਵਾ ਸਾਂਝਾ ਕੀਤਾ ਗਿਆ।ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਜਲਾਲਪੁਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਉਹ ਇਤਿਹਾਸਕ ਅਤੇ ਅਧੂਰੇ ਕੰਮ ਪੂਰੇ ਕਰਕੇ ਦਿਖਾਏ ਹਨ, ਜੋ ਪਿਛਲੀਆਂ ਰਵਾਇਤੀ ਸਰਕਾਰਾਂ ਨੇ ਅੱਜ ਤੱਕ ਕਦੇ ਨਹੀਂ ਕੀਤੇ ਸਨ। ਉਨ੍ਹਾਂ ਪੂਰੇ ਦਾਅਵੇ ਨਾਲ ਕਿਹਾ ਕਿ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਕੇ ਦੂਜੀ ਵਾਰ ਪੰਜਾਬ ਵਿੱਚ ਆਪਣੀ ਸਰਕਾਰ ਬਣਾਵੇਗੀ। ਚੇਅਰਮੈਨ ਜਲਾਲਪੁਰ ਨੇ ਪਿੰਡ ਵਾਸੀਆਂ ਸਾਹਮਣੇ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕੇ ਹਰ ਘਰ ਦੀ 300 ਯੂਨਿਟ ਪ੍ਰਤੀ



ਮਹੀਨਾ ਬਿਜਲੀ ਫ਼ਰੀ ਕਰਕੇ ਹਰ ਵਰਗ ਦੇ ਵਿਅਕਤੀ ਨੂੰ ਵੱਡੀ ਰਾਹਤ ਦਿੱਤੀ ਗਈ ਹੈ।18 ਸਾਲ ਤੋਂ ਵੱਧ ਉਮਰ ਦੀਆਂ ਐਸ.ਸੀ. ਵਰਗ ਦੀਆਂ ਬੀਬੀਆਂ-ਭੈਣਾਂ ਨੂੰ 1500 ਰੁਪਏ ਅਤੇ ਜਨਰਲ ਵਰਗ ਦੀਆਂ ਬੀਬੀਆਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇ ਕੇ ਮਾਣ ਵਧਾਇਆ ਗਿਆ ਹੈ। ਪਿਛਲੇ 20 ਸਾਲਾਂ ਵਿੱਚ ਪਹਿਲੀ ਵਾਰ ਮਾਨ ਸਰਕਾਰ ਨੇ 696 ਨਵੀਆਂ ਬੱਸਾਂ ਦਾ ਆਰਡਰ ਦਿੱਤਾ ਹੈ।50 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ 'ਤੀਰਥ ਯਾਤਰਾ ਸਕੀਮ' ਤਹਿਤ ਹਰ ਪਿੰਡ ਤੋਂ ਬੱਸਾਂ ਰਾਹੀਂ ਮੁਫ਼ਤ ਯਾਤਰਾ ਕਰਵਾਈ ਜਾ ਰਹੀ ਹੈ। ਕੰਢੀ ਏਰੀਏ ਲਈ 'ਲਿਫਟ ਇਰੀਗੇਸ਼ਨ ਸਕੀਮ' ਤਹਿਤ ਨਹਿਰੀ ਪਾਣੀ ਪਹੁੰਚਾ ਕੇ ਕਿਸਾਨਾਂ ਦੀ ਸਭ ਤੋਂ ਵੱਡੀ ਸਮੱਸਿਆ ਦਾ ਹੱਲ ਕੀਤਾ ਗਿਆ ਹੈ।ਪੰਜਾਬ ਵਿੱਚ 'ਆਮ ਆਦਮੀ ਕਲੀਨਿਕ' ਅਤੇ 'ਸਕੂਲ ਆਫ਼ ਐਮੀਨੈਂਸ' ਵਰਗੀਆਂ ਆਧੁਨਿਕ ਸਹੂਲਤਾਂ ਸਫਲਤਾਪੂਰਵਕ ਚੱਲ ਰਹੀਆਂ ਹਨ।ਗੁਰੂ ਰਵਿਦਾਸ ਜੀ ਦੇ ਆਉਣ ਵਾਲੇ 650ਵੇਂ ਜਨਮ ਦਿਵਸ ਨੂੰ ਸਮਰਪਿਤ ਐਲ.ਈ.ਡੀ. ਸਕ੍ਰੀਨਾਂ ਵਾਲੀਆਂ ਵੈਨਾਂ ਰਾਹੀਂ ਪਿੰਡਾਂ ਵਿੱਚ ਗੁਰੂ ਸਾਹਿਬ ਦੇ ਜੀਵਨ, ਉੱਚੇ ਫਲਸਫੇ ਅਤੇ ਸਿੱਖਿਆਵਾਂ 'ਤੇ ਅਧਾਰਤ 30 ਮਿੰਟ ਦੀ ਵਿਆਪਕ ਦਸਤਾਵੇਜ਼ੀ ਫਿਲਮ ਦਿਖਾਈ ਜਾ ਰਹੀ ਹੈ।ਉਨ੍ਹਾਂ ਅੱਗੇ ਕਿਹਾ ਕਿ ਪਿੰਡਾਂ ਦੀ ਨੁਹਾਰ ਬਦਲਣ ਲਈ ਪੰਜਾਬ ਸਰਕਾਰ ਵੱਲੋਂ ਹਰੇਕ ਪਿੰਡ ਨੂੰ ਖੁੱਲ੍ਹੇ ਦਿਲ ਨਾਲ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਪਿੰਡਾਂ ਵਿੱਚ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ। ਸਰਕਾਰ ਵੱਲੋਂ ਚਲਾਈ 'ਯੁੱਧ ਨਸ਼ਿਆਂ ਵਿਰੁੱਧ ' ਸਕੀਮ ਨੇ ਨਸ਼ਾ ਤਸਕਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ, ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨ ਪਾਸ ਕਰਕੇ ਇਹ ਸਾਬਤ ਕਰ ਦਿੱਤਾ ਗਿਆ ਹੈ ਕਿ ਹੁਣ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਅਖੀਰ ਵਿੱਚ ਉਨ੍ਹਾਂ ਪਾਰਟੀ ਵਰਕਰਾਂ ਨੂੰ ਸਰਕਾਰ ਦੀਆਂ ਇਨ੍ਹਾਂ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਖੁਸ਼ੀ ਰਾਮ ਭਾਟੀਆ, ਤੇਲੂ ਰਾਮ, ਗੁਰਮੇਲ ਚੰਦ, ਮੋਹਨ ਲਾਲ, ਜਸਬੀਰ ਭਾਟੀਆ, ਅਸ਼ੋਕ ਕੁਮਾਰ, ਕਿੰਦਰ ਪੰਚ, ਬਿੱਟੂ ਹੱਕਲਾ , ਸ਼ਮਸ਼ੇਰ ਸਿੰਘ, ਰੇਵਲ ਸਿੰਘ, ਦੇਵ ਰਾਜ ਸਰਪੰਚ, ਅਵਤਾਰ ਸਿੰਘ, ਰਾਜ ਕੁਮਾਰ ਭਾਟੀਆ, ਹਰਮੇਸ਼ ਲਾਲ ਪੋਲਾ, ਕਮਲਜੀਤ ਪੰਚ, ਬੀਰ ਨਾਥ, ਕਰਨ, ਰੋਬਿਨ ਅਤੇ ਵਿਸ਼ਾਲ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਪਾਰਟੀ ਵਰਕਰ ਹਾਜ਼ਰ ਸਨ।

# ਹੁਣ ਕਬੂਤਰਾਂ ਤੋਂ 'ਸੇਧ' ਲੈ ਕੇ ਹੋਰ ਵਧੀਆ ਬਣਨਗੇ ਉਡਣ ਵਾਲੇ ਸਵੈਚਲਤ ਯੰਤਰ!

**ਵੈਨਕੂਵਰ, 13 ਜੁਲਾਈ (ਮਲਕੀਤ ਸਿੰਘ)** – ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਖੋਜਕਾਰਾਂ ਵੱਲੋਂ ਕਬੂਤਰਾਂ ਦੀ ਉਡਾਣ ਅਤੇ ਅੱਖਾਂ ਦੀ ਹਰਕਤ ਬਾਰੇ ਕੀਤੇ ਗਏ ਨਵੇਂ ਅਧਿਐਨ ਦੇ ਨਤੀਜੇ ਭਵਿੱਖ ਵਿੱਚ ਉਡਣ ਵਾਲੇ ਸਵੈਚਾਲਿਤ ਯੰਤਰਾਂ ਨੂੰ ਪੰਛੀਆਂ ਵਾਂਗ ਵਧੇਰੇ ਸੁਚੱਜੇ ਢੰਗ ਨਾਲ ਰਸਤਾ ਲੱਭਣ ਵਿੱਚ ਸਹਾਇਕ ਹੋ ਸਕਦੇ ਹਨ। ਖੋਜਕਾਰਾਂ ਵੱਲੋਂ ਆਰਜੀ ਤੌਰ ਤੇ ਕਬੂਤਰਾਂ ਦੇ ਸਿਰਾਂ ਉੱਤੇ ਬਹੁਤ ਛੋਟੇ ਕੈਮਰੇ ਅਤੇ ਪਿੱਠ ਉੱਤੇ ਹਲਕੇ ਉਪਕਰਨਾਂ ਵਾਲੇ ਵਿਸ਼ੇਸ਼ ਥੈਲੇ ਲਗਾ ਕੇ ਇੱਕ ਨਿਵੇਕਲਾ ਤਜਰਬਾ ਕੀਤਾ ਗਿਆ ਹੈ ਇਸ ਤਜਰਬੇ ਰਾਹੀਂ ਉਡਾਣ ਦੌਰਾਨ ਕਬੂਤਰਾਂ ਦੀਆਂ ਅੱਖਾਂ, ਸਿਰ ਦੀ ਹਰਕਤ, ਦਿਸ਼ਾ ਅਤੇ ਸਰੀਰਕ ਸੰਤੁਲਨ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ ਹੈ । ਪੂਰੇ ਉਪਕਰਨ ਦਾ ਭਾਰ ਕੇਵਲ 27 ਗ੍ਰਾਮ ਸੀ ਅਤੇ ਇਸ ਵਿੱਚ ਨਿੱਕਾ ਕੰਪਿਊਟਰ, ਕੈਮਰਾ ਅਤੇ ਹਰਕਤ ਮਾਪਣ ਵਾਲੇ ਯੰਤਰ ਸ਼ਾਮਲ ਕੀਤੇ ਗਏ ਹਨ । ਅਧਿਐਨ ਦੌਰਾਨ ਪਤਾ ਲੱਗਿਆ ਕਿ ਕਬੂਤਰ ਉੱਡਦੇ ਸਮੇਂ ਆਪਣੀਆਂ ਅੱਖਾਂ ਨੂੰ ਪੂਰੀ ਤਰ੍ਹਾਂ ਸਥਿਰ ਨਹੀਂ ਰੱਖਦੇ। ਉਹ ਅੱਖਾਂ ਨੂੰ ਬਹੁਤ ਹੌਲੀ ਅਤੇ ਸੂਖਮ ਢੰਗ ਨਾਲ ਹਿਲਾਉਂਦੇ



**ਖੋਜਕਾਰਾਂ ਵੱਲੋਂ ਕਬੂਤਰ ਦੇ ਸਿਰ ਤੇ ਲਗਾਇਆ ਗਿਆ ਯੰਤਰ।**

ਰਹਿੰਦੇ ਹਨ। ਖੋਜਕਾਰਾਂ ਦਾ ਮੰਨਣਾ ਹੈ ਕਿ ਇਸ ਤਰੀਕੇ ਨਾਲ ਕਬੂਤਰ ਆਪਣੇ ਆਲੇ-ਦੁਆਲੇ ਦੀਆਂ ਬਾਰੀਕ ਚੀਜ਼ਾਂ ਨੂੰ ਵਧੇਰੇ ਸਪਸ਼ਟਤਾ ਨਾਲ ਵੇਖਦੇ ਅਤੇ ਰਸਤੇ ਵਿਚਲੇ ਅੜਿੱਕਿਆਂ ਤੋਂ ਬਚਦੇ ਹਨ। ਜਦੋਂ ਕਬੂਤਰ ਕਿਸੇ ਥਾਂ ਉੱਤੇ ਉਤਰਨ ਲੱਗਦੇ ਹਨ ਤਾਂ ਉਨ੍ਹਾਂ ਦੀਆਂ ਦੋਵੇਂ ਅੱਖਾਂ ਅੰਦਰ ਵੱਲ ਮੁੜਦੀਆਂ ਹਨ। ਇਸ ਨਾਲ ਉਹ ਦੂਰੀ ਅਤੇ ਡੂੰਘਾਈ ਦਾ ਸਹੀ ਅੰਦਾਜ਼ਾ ਲਗਾ ਸਕਦੇ ਹਨ। ਖੋਜਕਾਰਾਂ ਅਨੁਸਾਰ ਅਜਿਹਾ ਵਿਹਾਰ ਹੁਣ ਤੱਕ ਕੁਝ ਸ਼ਿਕਾਰੀ ਪੰਛੀਆਂ ਵਿੱਚ ਹੀ ਦੇਖਿਆ ਗਿਆ ਸੀ। ਖੋਜਕਾਰਾਂ ਮੁਤਾਬਿਕ ਉਪਰੋਕਤ ਤਜਰਬੇ ਨਾਲ ਭਵਿੱਖ ਚ ਸਵੈਚਾਲਿਤ ਉਡਣ ਵਾਲੇ ਯੰਤਰ ਭੀੜ-ਭੜੱਕੇ ਅਤੇ ਔਖੇ ਮਾਹੌਲ ਵਿੱਚ ਵੀ ਵਧੇਰੇ ਸੁਰੱਖਿਅਤ ਅਤੇ ਸੁਚੱਜੀ ਉਡਾਣ ਭਰ ਸਕਣਗੇ।

# ਦਰਬਾਰ ਬਾਬਾ ਸ਼ੇਖ ਨਸ਼ੀਰਾ ਅੱਪਰਾ ਵਿਖੇ ਸਾਲਾਨਾ ਦੋ ਦਿਨਾਂ ਸਾਲਾਨਾ ਜੋੜ ਮੇਲਾ ਸ਼ਾਨੋ ਸ਼ੌਕਤ ਨਾਲ ਸੰਪਨ

## ਪੰਜਾਬੀ ਗਾਇਕ ਸਰਦਾਰ ਅਲੀ ਤੇ ਕਮਲ ਖ਼ਾਨ ਨੇ ਆਪਣੀ ਗਾਇਕੀ ਦੇ ਨਾਲ ਦਰਸ਼ਕ ਕੀਲੇ

**ਫਿਲੌਰ/ਅੱਪਰਾ, 13 ਜੁਲਾਈ (ਦੀਪਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਥਾਨਕ ਅੱਪਰਾ ਦੇ ਮੰਡੀ ਰੋਡ ਵਿਖੇ ਸਥਿਤ ਦਰਬਾਰ ਬਾਬਾ ਸ਼ੇਖ ਨਸ਼ੀਰਾ ਜੀ ਦੇ ਅਸਥਾਨ 'ਤੇ ਬ੍ਰਹਮਲੀਨ ਸਾਂਈ ਪ੍ਰਕਾਸ਼ ਰਾਮ ਜੀ ਦੇ ਆਸ਼ੀਰਵਾਦ ਸਦਕਾ ਸਾਂਈ ਕਿਸ਼ਨ ਲਾਲ ਦੀ ਅਗਵਾਈ ਹੇਠ ਦਰਬਾਰ ਬਾਬਾ ਸ਼ੇਖ ਨਸ਼ੀਰਾ ਪ੍ਰਬੰਧਕ ਕਮੇਟੀ, ਐਨ ਆਰ ਆਈ ਵੀਰਾਂ, ਗ੍ਰਾਮ ਪੰਚਾਇਤ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਦੋ ਦਿਨਾਂ ਸਾਲਾਨਾ ਜੋੜ ਪੂਰਨ ਸ਼ਰਧਾ ਨਾਲ ਕਰਵਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਰਾਜੇਸ਼ ਕੁਮਾਰ ਜੌਨੀ ਤੇ ਸਮੂਹ ਪ੍ਰਬੰਧਕਾਂ ਨੇ ਦੱਸਿਆ ਕਿ ਅੱਜ ਮਿਤੀ 11 ਜੁਲਾਈ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਦਰਬਾਰ ਵਿਖੇ ਚਾਦਰ ਤੇ ਝੰਡੇ ਦੀ ਰਸਮ ਸਾਂਈ ਕਿਸ਼ਨ ਲਾਲ ਦੀ ਅਗਵਾਈ ਹੇਠ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਵਲੋਂ ਪੂਰੇ ਉਤਸ਼ਾਹ ਨਾਲ ਨਿਭਾਈ ਗਈ। ਇਸ ਮੌਕੇ ਸਰਪੰਚ ਵਿਨੈ ਅੱਪਰਾ, ਚੌਧਰੀ ਮੁਹੰਮਦ ਅਲੀ ਪੋਸਵਾਲ ਚੈਅਰਮੈਨ ਗੁੱਜਰ ਵਿਕਾਸ ਪ੍ਰੀਸ਼ਦ ਪੰਜਾਬ ਤੇ





ਹੋਰ ਮੋਹਤਬਰ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਉਪਰੰਤ ਗਾਇਕ ਸਰਦਾਰ ਅਲੀ ਤੇ ਸ਼ਾਹ ਸਿਸਟਰ ਤੇ ਸੰਤ ਰਾਮ ਦੀਪਕ ਕੱਵਾਲ ਪਾਰਟੀ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤਾ। ਮਿਤੀ 12 ਜੁਲਾਈ ਦਿਨ ਐਤਵਾਰ ਨੂੰ ਧੰਨ ਧੰਨ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਸੇਵਕਾਂ ਵਲੋਂ ਸਿਵਲ ਹਸਪਤਾਲ ਫਗਵਾੜਾ ਦੇ ਸਹਿਯੋਗ ਨਾਲ ਦਰਬਾਰ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਧਾਰਮਿਕ ਤੇ ਸੱਭਿਆਚਾਰਕ ਸਟੇਜ ਦੌਰਾਨ ਪ੍ਰਸਿੱਧ ਪੰਜਾਬੀ ਗਾਇਕ ਕਮਲ ਖ਼ਾਨ, ਕਮਲ ਕਟਾਣੀਆਂ, ਪਰਮਜੀਤ ਪੰਮ, ਭੋਲਾ ਕੋਮਲ ਤੇ ਜਗਦੀਸ਼ ਜੋਤ, ਲਵ ਕਲਿਆਣ, ਬਲਿ-ਹਾਰ ਸੇਖੋਂ, ਜੇ ਚੀਮਾ, ਦਿਲਬਹਾਰ ਸ਼ੌਕਤ, ਰਵੀ ਖ਼ਾਨ, ਫਤਿਹਵੀਰ, ਪ੍ਰਿਆ ਹੰਸ, ਸੁੱਚਾ ਸਬਰੀ, ਡਾ. ਗੁਰਨੇਕ ਤੇ ਜੈਸਿਕਾ ਮਿਊਜ਼ੀਕਲ ਗਰੁੱਪ ਨੱਕਾਲ ਪਾਰਟੀ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਤੇ ਆਪਣੀ ਗਾਇਕੀ ਨਾਲ ਦਰਸ਼ਕ ਕੀਲ ਲਏ। ਮੇਲੇ ਦੌਰਾਨ ਮੰਚ ਸੰਚਾਲਕ ਦੀ ਭੂਮਿਕਾ ਦੀਪਾ ਮੀਓਂਵਾਲ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਅਤੁੱਟ ਲੰਗਰ ਵੀ ਵਰਤਾਏ ਗਏ।

# ਚੌਧਰੀ ਰਾਮ ਪ੍ਰਕਾਸ਼ ਉਧਨੋਵਾਲ ਨੂੰ ਅੰਤਿਮ ਸ਼ਰਧਾਂਜਲੀ - ਮਾਲਵਿੰਦਰ ਸਿੰਘ ਕੰਗ, ਸੰਤੋਸ਼ ਕਟਾਰੀਆ, ਜਸਵੀਰ ਗੜ੍ਹੀ, ਗੁਰਤੇਜ ਪੰਨੂੰ, ਦਰਸ਼ਨ ਲਾਲ ਮੰਗੂਪੁਰ, ਅਸ਼ੋਕ ਬਾਠਚੌਧਰੀ ਰਾਮ ਪ੍ਰਕਾਸ਼ ਉਧਨੋਵਾਲ ਨੂੰ ਅੰਤਿਮ ਸ਼ਰਧਾਂਜਲੀ

## ਮਾਲਵਿੰਦਰ ਸਿੰਘ ਕੰਗ, ਸੰਤੋਸ਼ ਕਟਾਰੀਆ, ਜਸਵੀਰ ਗੜ੍ਹੀ , ਗੁਰਤੇਜ ਪੰਨੂੰ, ਦਰਸ਼ਨ ਲਾਲ ਮੰਗੂਪੁਰ, ਅਸ਼ੋਕ ਬਾਠ, ਸਤਨਾਮ ਸਿੰਘ ਡੀਐਸਪੀ, ਸਤਨਾਮ ਜਲਾਲਪੁਰ, ਪਰਮਾਨੰਦ ਬ੍ਰਹਮ ਪੁਰੀ ਆਦਿ ਸ਼ਖ਼ਸੀਅਤਾਂ ਨੇ ਅੰਮ੍ਰਿਤ ਅਰਦਾਸ ਵਿੱਚ ਕੀਤੀ ਸ਼ਾਮੂਲੀਅਤ

**ਬਲਾਚੌਰ 13 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ )** ਪਿਛਲੇ ਦਿਨੀਂ ਪਿੰਡ ਉਧਨੋਵਾਲ ਤੋਂ ਕਿਸਾਨਾ ਪਰਿਵਾਰ ਦੇ ਮੁਖੀ ਸਤਿਕਾਰਯੋਗ ਚੌਧਰੀ ਰਾਮ ਪ੍ਰਕਾਸ਼ ਉਧਨੋਵਾਲ (ਕਿਸਾਨਾ) ਇਸ ਨਾਸ਼ਵਾਨ ਸੰਸਾਰ ਤੋਂ ਕੂਚ ਕਿਨਾਰਾ ਕਰ ਗਏ ਸਨ, ਦੀ ਅੱਜ ਆਤਮਿਕ ਸ਼ਾਂਤੀ ਲਈ ਪਰਿਵਾਰ ਵਲੋਂ ਸੰਤ ਮਹਾਂਪੁਰਸ਼ ਨਮਰਤਾ ਨੰਦ ਜੀ ਭੂਰੀਵਾਲਿਆਂ ਦੀ ਸਰਪ੍ਰਸਤੀ ਹੇਠ ਮਹਾਰਾਜ ਗਰੀਬ ਦਾਸ ਜੀ ਦੀ ਬਾਣੀ ਦੇ ਪਾਠ ਦਾ ਭੋਗ ਕੁਟੀਆ ਮੋਕਸ਼ ਧਾਮ ਉਧਨੋਵਾਲ ਵਿਖੇ ਪਾਇਆ ਗਿਆ। ਜਿਸ ਵਿੱਚ ਗੱਦੀ ਤੇ ਬਿਰ-ਾਜਮਾਨ ਮਹਾਰਾਜ ਨਮਰਤਾ ਨੰਦ ਜੀ ਭੂਰੀਵਾਲਿਆਂ ਨੇ ਇਕੱਤਰ ਹੋਈਆਂ ਸੰਗਤਾਂ ਨੂੰ ਉਪਦੇਸ਼ ਕਰਦਿਆਂ ਕਿਹਾ ਕਿ ਜੋ ਜੀਵ ਇਸ ਸੰਸਾਰ ਵਿੱਚ ਆਇਆ ਹੈ। ਉਸ ਦੀ ਵਾਪਸੀ ਤੈਅ ਹੈ।ਇਸ ਲਈ ਇਨਸਾਨ ਨੂੰ ਹਮੇਸ਼ਾ ਪ੍ਰਮਾਤਮਾ ਤੋਂ ਡਰਨਾ ਚਾਹੀਦਾ ਹੈ। ਕੋਈ ਅਜਿਹਾ ਕ੍ਰਮ ਨਹੀਂ ਕਰਨਾ ਚਾਹੀਦਾ,ਜਿਸ ਨਾਲ ਉਸਨੂੰ ਜ਼ਿੰਦਗੀ ਵਿਚ ਕਸ਼ਟ ਉਠਾਉਣੇ ਪੈਣ। ਅਤੇ ਇਸਦਾ ਲੇਖਾ ਜੋਖਾ ਪੂਰਾ ਕਰਨ ਲਈ ਅਸਿਹ ਦੁੱਖ ਝੱਲਣੇ ਪੈਣ । ਇਸ ਉਪਰੰਤ ਇਲਾਕੇ ਦੀਆਂ ਮਾਨਯੋਗ ਸ਼ਖ਼ਸੀਅਤਾਂ ਵਲੋਂ ਵਿਛੜੀ ਆਤਮਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸ਼ਰਧਾਂਜਲੀ ਭੇਂਟ ਕਰਦਿਆਂ ਮੈਂਬਰ ਪਾਰਲੀਮੈਂਟ ਸ, ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਚੌਧਰੀ ਰਾਮ ਪ੍ਰਕਾਸ਼ ਕਿਸਾਨਾ ਇਕ ਨੇਕ ਦਿਲ ਇਨਸਾਨ ਸਨ। ਜਿਹਨਾਂ ਨੇ ਆਪਣੀ ਜ਼ਿੰਦਗੀ ਵਿਚ ਹਮੇਸ਼ਾ ਮਹਿਨਤ ਕੀਤੀ। ਹੱਕ ਹਲਾਲ ਦੀ ਕਮਾਈ ਕਰਕੇ ਜਿਥੇ ਪਰਿਵਾਰਕ ਪਾਲਣ ਪੋਸ਼ਣ ਕੀਤਾ, ਉਥੇ ਲੋੜ ਪੈਣ ਤੇ ਵੰਡ ਕੇ ਵੀ ਛਕਿਆ। ਸਾਬਕਾ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ ਨੇ ਕਿਹਾ ਕਿ ਚੌਧਰੀ ਰਾਮ ਪ੍ਰਕਾਸ਼ ਉਧਨੋਵਾਲ ਜਿਹਨਾਂ ਨੇ ਆਪਣੀ 92 ਸਾਲ ਦੀ ਲੰਬੀ ਉਮਰ ਵਿੱਚ ਕਦੇ ਵੀ ਕੋਈ ਬੁਰਾਈ ਨਹੀਂ ਕੀਤੀ। ਬਲਕਿ ਹਮੇਸ਼ਾ ਨਿਮਰਤਾ ਦੇ ਧਾਰਨੀ ਬਣ ਕੇ ਆਪਣਾ ਜੀਵਨ ਬਤੀਤ ਕੀਤਾ। ਉਹਨਾਂ ਦੀ ਜਾਣ ਦੀ ਵੱਡੀ ਘਾਟ ਹੈ। ਅਸ਼ੋਕ ਬਾਠ ਰਿਟਾਇਰਡ ਐਸ ਐਸ ਪੀ ਨੇ ਕਿਹਾ ਕਿ ਚੌਧਰੀ ਸਾਹਿਬ ਦਾ ਵਿਛੋੜਾ ਅਸਹਿ ਹੈ। ਕਿਉਂਕਿ ਇਹੋ ਜਿਹੇ ਇਨਸਾਨ ਆਪਣੇ ਪਰਿਵਾਰ , ਮਿਤਰਾਂ, ਸੱਜਣਾਂ ਅਤੇ ਰਿਸ਼ਤੇਦਾਰਾਂ ਲਈ ਤਾਂ ਸਹਾਰਾ ਹੁੰਦੇ ਹੀ ਹਨ, ਬਲਕਿ ਸਮਾਜ ਲਈ ਵੀ ਰਾਹ ਦਰਸਾਊ ਹੁੰਦੇ ਹਨ। ਇਸ ਲਈ ਉਹਨਾਂ ਦਾ ਜਾਣਾ, ਭਾਵੇਂ ਉਮਰ ਕਾਫੀ ਸੀ, ਫਿਰ ਵੀ ਦੁਖਦਾਇਕ ਘਟਨਾ ਤੋਂ ਘੱਟ ਨਹੀਂ ਹੈ। ਸਤਨਾਮ ਸਿੰਘ ਰਾਜੂ ਮਾਜਰਾ ਰਿਟਾਇਰਡ ਡੀ ਐੱਸ ਪੀ ਨੇ ਕਿਹਾ ਕਿ ਚੌਧਰੀ ਸਾਹਿਬ ਦੇ ਵਿਛੋੜੇ ਨਾਲ ਜਿੱਥੇ ਪਰਿਵਾਰ ਅਤੇ ਅਸੀਂ ਰਿਸ਼ਤੇਦਾਰ ਇਕ ਕੀਮਤੀ ਸਲਾਹ ਤੋਂ ਵਾਂਝੇ ਹੋ ਗਏ ਹਾਂ, ਉਥੇ ਸਮਾਜ ਲਈ ਵੀ ਵੱਡੀ ਘਾਟ ਹੈ। ਜਿਸ ਨੂੰ ਪੂਰਾ ਕਰਨਾ ਨਾਮੁਮਕਿਨ ਹੈ। ਆਉ ਅਸੀਂ ਸਾਰੇ ਮਿਲਕੇ ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰੀਏ। ਗੁਰਤੇਜ ਸਿੰਘ ਪੰਨੂੰ ਸੋਸ਼ਲ ਮੀਡੀਆ ਇੰਚਾਰਜ ਪੰਜਾਬ ਕਾਂਗਰਸ ਨੇ ਕਿਹਾ ਕਿ ਇਹੋ ਜਿਹੀਆਂ ਸ਼ਖ਼ਸੀਅਤਾਂ ਦਾ ਵਿਛੋੜੇ ਦੀ ਘਾਟ ਪਰਿਵਾਰਾਂ ਤੱਕ ਹੀ ਸੀਮਤ ਨਹੀਂ ਹੁੰਦੀ ਬਲਕਿ ਇਸ ਤੋਂ ਅੱਗੇ ਵੇਖੀਏ ਤਾਂ ਸਮਾਜ ਨੂੰ ਵੀ ਚੰਗੇ ਇਨਸਾਨਾਂ ਦੀ ਲੋੜ ਹੁੰਦੀ ਹੈ। ਸੀਨੀਅਰ ਪੱਤਰਕਾਰ ਪਰਮਾਨੰਦ ਬ੍ਰਹਮ ਪੁਰੀ ਨੇ ਜਿਥੇ ਆਪਣੇ ਵਲੋਂ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ, ਉਥੇ ਸ਼ਹੀਦ ਊਧਮ ਸਿੰਘ ਪ੍ਰੈੱਸ ਵੈਲਫੇਅਰ ਕਲੱਬ ਬਲਾਚੌਰ ਵਲੋਂ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਵੀ ਕੀਤੀ। ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ ਚੌਧਰੀ ਸਤਨਾਮ ਜਲਾਲਪੁਰ ਨੇ ਵੀ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਚੌਧਰੀ ਸਾਹਿਬ ਗੁੱਜਰ ਬਰਾਦਰੀ ਵਿੱਚ ਆਪਣਾ ਵਧੀਆ ਨਾਮ ਅਤੇ ਸਥਾਨ ਰੱਖਦੇ ਸਨ। ਪਰਿਵਾਰਕ ਪਾਲਣ ਪੋਸ਼ਣ ਲਈ ਜਿਥੇ ਨੇਕ ਕਮਾਈ ਕਰਦੇ ਸਨ। ਉਥੇ ਸਮਾਜ ਵਿੱਚ ਹਰ ਚੰਗੇ ਮਾੜੇ ਸਮੇਂ ਵਿੱਚ ਸ਼ਾਮਲ ਹੁੰਦੇ ਸਨ। ਭਾਜਪਾ ਯੁਵਾ ਆਗੂ ਸੰਦੀਪ ਕੁਮਾਰ ਸੋਨੂੰ ਭਾਟੀਆ ਨੇ ਕਿਹਾ ਕਿ ਸਮਾਜ ਨੂੰ ਚੌਧਰੀ ਸਾਹਿਬ ਵਰਗੀਆਂ ਸਖਸ਼ੀਅਤਾਂ ਦੀ ਜ਼ਰੂਰਤ ਹੈ। ਜਿਹਨਾਂ ਦੀ ਹਰ ਸਲਾਹ ਸਮਾਜ ਲਈ ਕਾਰਗਰ ਸਾਬਿਤ ਹੁੰਦੀ ਹੈ। ਗੁੱਜਰ ਬੋਰਡ ਪੰਜਾਬ ਦੇ ਵਾਈਸ ਚੇਅਰਮੈਨ ਸ਼ਿਵ ਕਰਨ ਚੌਧਰੀ ਅਤੇ ਸੇਠੀ ਮਹੇਸ਼ਈ ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ ਨੇ ਵੀ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਅੰਤ ਵਿੱਚ ਸਾਰੀਆਂ ਆਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਸੀਨੀਅਰ ਆਗੂ ਆਮ ਆਦਮੀ ਪਾਰਟੀ ਅਸ਼ੋਕ ਕਟਾਰੀਆ ਨੇ ਬੜੇ ਵਿਸਥਾਰ ਨਾਲ ਚੌਧਰੀ ਸਾਹਿਬ ਦੇ ਪਰਿਵਾਰਿਕ ਪਿਛੋਕੜ , ਉਹਨਾਂ ਦੇ ਜੀਵਨ ਕਾਲ ਅਤੇ ਉਹਨਾਂ ਦੇ ਜੀਵਨ ਕਾਲ ਦੌਰਾਨ ਕੀਤੇ ਕੰਮਾਂ ਵਾਰੇ ਵਰਨਣ ਕਰਨ ਦੇ ਨਾਲ ਨਾਲ ਸਾਰੀਆਂ ਸ਼ਖ਼ਸੀਅਤਾਂ ਦਾ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇਸ ਅੰਤਿਮ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਵਿਧਾਇਕ ਸੰਤੋਸ਼ ਕਟਾਰੀਆ, ਸ, ਜਸਵੀਰ ਸਿੰਘ ਗੜ੍ਹੀ ਚੇਅਰਮੈਨ ਐਸ ਸੀ ਕਮਿਸ਼ਨ ਪੰਜਾਬ (ਜੋ ਕਿ ਵਧੇਰੇ ਰੁਝੇਵੇਂ ਹੋਣ ਕਾਰਨ ਪਹਿਲਾਂ ਹੀ ਹਾਜ਼ਰੀਆਂ ਭਰ ਗਏ ਸਨ), ਕਾਮਰੇਡ ਪਰਮਿੰਦਰ ਮੇਨਕਾ ਤਹਿਸੀਲ ਸਕੱਤਰ ਸੀ ਪੀ ਆਈ, ਗਗਨ ਅਗਨੀਹੋਤਰੀ ਚੇਅਰਮੈਨ ਮਾਰਕੀਟ ਕਮੇਟੀ ਨਵਾਂਸ਼ਹਿਰ, ਭਗਤ ਜੀ ਥਾਨਵਾਲਾ, ਪਰਮਜੀਤ ਪੰਮਾ ਕੌਂਸਲਰ, ਜਸਵੰਤ ਸਿੰਘ ਤੂਰ, ਸਤਨਾਮ ਸਰਪੰਚ ਕਟਵਾਰਾ,ਆਪ ਆਗੂ ਪਵਨ ਕੁਮਾਰ ਰੀਠੂ,ਪਵਨ ਕੁਮਾਰ ਭਾਟੀਆ ਰਿਟਾਇਰਡ ਇੰਸਪੈਕਟਰ ਪੰਜਾਬ ਪੁਲਿਸ, ਪ੍ਰੈੱਸ ਕਲੱਬ ਪ੍ਰਧਾਨ ਨਰੇਸ਼ ਧੌਲ, ਪੱਤਰਕਾਰ ਵਿਨੋਦ ਬੈਂਸ, ਹਰਦੀਪ ਸਿੰਘ ਗਹੂੰਣ, ਜੋਗਿੰਦਰ ਪਾਲ ਟ੍ਰੈਫਿਕ ਇੰਚਾਰਜ਼ ਬਲਾਚੌਰ, ਚੌਧਰੀ ਗੁਰਦਿਆਲ ਚੰਦ ਪੰਡੋਰੀ , ਚੌਧਰੀ ਰਾਮ ਕੁਮਾਰ ਪੰਡੋਰੀ, ਚੌਧਰੀ ਕਮਲ ਸੋਨੂੰ ਨੀਦਰਲੈਂਡ,



ਚੌਧਰੀ ਰਾਮ ਕੁਮਾਰ ਭਵਾਨੀ ਪੁਰ, ਮਨਪ੍ਰੀਤ ਸਿੰਘ ਸਰਪੰਚ ਗੁਲਾਲੀ ਪੁਰ, ਡਾਕਟਰ ਗੁਰਜੀਤ ਸਿੰਘ ਕੰਗ, ਸ਼ਰਨਜੀਤ ਸਿੰਘ ਸ਼ਹਿਬਾਜ਼ ਪੁਰ, ਸੁਦੇਸ਼ ਕਟਾਰੀਆ, ਮਹਿੰਦਰ ਪਾਲ ਰਾਜੂ ਮਾਜਰਾ, ਜੋਗਿੰਦਰ ਸਿੰਘ ਕਿਸਾਨਾ, ਬਾਬੂ ਕਰਮਚੰਦ ਕਿਸਾਨਾ, ਚੌਧਰੀ ਰਾਮ ਸ਼ਾਹ ਭਾਟੀਆ ਸਾਬਕਾ ਸਰਪੰਚ,ਰਾਮ ਸ਼ਾਹ ਨੰਬਰਦਾਰ,ਮਹਿੰਦਰ ਪਾਲ ਰਿਟਾਇਰਡ ਸਬ ਇੰਸਪੈਕਟਰ ਪੰਜਾਬ ਪੁਲਿਸ, ਛੋਟੂ ਰਾਮ ਮੈਂਬਰ ਪੰਚਾਇਤ, ਮਨੋਹਰ ਲਾਲ ਸੈਕਟਰੀ, ਰਾਕੇਸ਼ ਕੁਮਾਰ ਠੇਕੇਦਾਰ, ਦੀਵਾਨ ਚੰਦ ਖੇਪੜ , ਮੁਨੀਸ਼ ਕੁਮਾਰ ਵੇਰਕਾ ਮਿਲਕ ਵਾਲੇ, ਜਸਵਿੰਦਰ ਸਿੰਘ ਕਾਟਨ ਪਰਚੇਜਰ, ਸਚਿਨ ਠੇਕੇਦਾਰ,ਰਾਮ ਪਾਲ ਭਾਟੀਆ, ਸ਼ਾਮ ਲਾਲ ਕਾਟਨ ਪਰਚੇਜਰ, ਜਨਕ ਰਾਜ ਚੌਧਰੀ, ਰੋਸ਼ਨ ਲਾਲ ਰਿਟਾਇਰਡ ਪੰਜਾਬ ਪੁਲਿਸ, ਰਮਨ ਚੌਧਰੀ ਯੂਥ ਆਗੂ ਆਮ ਆਦਮੀ ਪਾਰਟੀ, ਮਨਪ੍ਰੀਤ ਸਿੰਘ ਮਨੀ ਚੌਧਰੀ (ਬਿਲਡਿੰਗ ਮੈਟੀਰੀਅਲ ਮਨਸੇਵਾਲ ਰੋਡ ਰੱਤੇਵਾਲ), ਸ਼ਾਮ ਲਾਲ ਖੇਪੜ, ਵਿਨੋਦ ਕੁਮਾਰ ਰਿੰਕੂ, ਸੰਦੀਪ ਕਾਲਾ, ਪੋਲਾ ਕਿਸਾਨਾ, ਪਵਨਜੀਤ ਕਾਲਾ, ਡਿੰਪੀ ਭਾਟੀਆ (ਕ੍ਰਿਸ਼ਨਾ ਸਵੀਟ ਸ਼ਾਪ) ਬਲਾਚੌਰ, ਹਰੀ ਕਿਸ਼ਨ ਬਾਗੋਵ-ਾਲ, ਸੰਜੇ ਚੇਚੀ ਸ਼੍ਰੀ ਕ੍ਰਿਸ਼ਨਾ ਸੀਮੈਂਟ ਸਟੋਰ ਵਾਲੇ, ਰਾਜ ਕੁਮਾਰ ਰਾਜੂ, ਵਿੱਕੀ ਜ਼ਿਮੀਂਦਾਰ ਐਕਸਪਰਟਸ ਪਾਪੂਲਰ , ਨਵਿਸ਼ ਚੌਧਰੀ , ਰੋਹਿਤ ਨੰਬਰਦਾਰ, ਜ਼ਿਕਰਯੋਗ ਹੈ ਕਿ ਦਿਨੇਸ਼ ਕਟਾਰੀਆ ਡਿੰਪੀ ਅਮਰੀਕਾ ਵਾਸੀ ਨੇ ਅਮਰੀਕਾ ਤੋਂ,ਸਾਹਿਲ ਚੌਧਰੀ ਨੇ ਸਪੇਨ ਤੋਂ ਅਤੇ ਗੌਰਵ ਬਾਗੜੀ ਨੇ ਪੁਰਤਗਾਲ ਤੋਂ ਚੌਧਰੀ ਸਾਹਿਬ ਦੀ ਅੰਤਿਮ ਅਰਦਾਸ ਵਿੱਚ ਆਪਣੇ ਲਿਖਿਤ ਸ਼ੋਕ ਸੁਨੇਹੇ ਰਾਹੀਂ ਸ਼ਾਮੂਲੀਅਤ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਪੱਤਰਕਾਰ ਵਿਜੈ ਉਧਨੋਵਾਲ ਨੇ ਬਾਖ਼ੂਬੀ ਨਿਭਾਈ।, ਸਤਨਾਮ ਸਿੰਘ ਡੀਐਸਪੀ, ਸਤਨਾਮ ਜਲਾਲਪੁਰ, ਪਰਮਾਨੰਦ ਬ੍ਰਹਮ ਪੁਰੀ ਆਦਿ ਸ਼ਖ਼ਸੀਅਤਾਂ ਨੇ ਅੰਮ੍ਰਿਤ ਅਰਦਾਸ ਵਿੱਚ ਕੀਤੀ ਸ਼ਾਮੂਲੀਅਤ,


ਬਲਾਚੌਰ 12 ਜੁਲਾਈ ( ਜਤਿੰਦਰ) ਪਿਛਲੇ ਦਿਨੀਂ ਪਿੰਡ ਉਧਨੋਵਾਲ ਤੋਂ ਕਿਸਾਨਾ ਪਰਿਵਾਰ ਦੇ ਮੁਖੀ ਸਤਿਕਾਰਯੋਗ ਚੌਧਰੀ ਰਾਮ ਪ੍ਰਕਾਸ਼ ਉਧਨੋਵਾਲ (ਕਿਸਾਨਾ) ਇਸ ਨਾਸ਼ਵਾਨ ਸੰਸਾਰ ਤੋਂ ਕੂਚ ਕਿਨਾਰਾ ਕਰ ਗਏ ਸਨ, ਦੀ ਅੱਜ ਆਤਮਿਕ ਸ਼ਾਂਤੀ ਲਈ ਪਰਿਵਾਰ ਵਲੋਂ ਸੰਤ ਮਹਾਂਪੁਰਸ਼ ਨਮਰਤਾ ਨੰਦ ਜੀ ਭੂਰੀਵਾਲਿਆਂ ਦੀ ਸਰਪ੍ਰਸਤੀ ਹੇਠ ਮਹਾਰਾਜ ਗਰੀਬ ਦਾਸ ਜੀ ਦੀ ਬਾਣੀ ਦੇ ਪਾਠ ਦਾ ਭੋਗ ਕੁਟੀਆ ਮੋਕਸ਼ ਧਾਮ ਉਧਨੋਵਾਲ ਵਿਖੇ ਪਾਇਆ ਗਿਆ। ਜਿਸ ਵਿੱਚ ਗੱਦੀ ਤੇ ਬਿਰ-ਾਜਮਾਨ ਮਹਾਰਾਜ ਨਮਰਤਾ ਨੰਦ ਜੀ ਭੂਰੀਵਾਲਿਆਂ ਨੇ ਇਕੱਤਰ ਹੋਈਆਂ ਸੰਗਤਾਂ ਨੂੰ ਉਪਦੇਸ਼ ਕਰਦਿਆਂ ਕਿਹਾ ਕਿ ਜੋ ਜੀਵ ਇਸ ਸੰਸਾਰ ਵਿੱਚ ਆਇਆ ਹੈ। ਉਸ ਦੀ ਵਾਪਸੀ ਤੈਅ ਹੈ।ਇਸ ਲਈ ਇਨਸਾਨ ਨੂੰ ਹਮੇਸ਼ਾ ਪ੍ਰਮਾਤਮਾ ਤੋਂ ਡਰਨਾ ਚਾਹੀਦਾ ਹੈ। ਕੋਈ ਅਜਿਹਾ ਕ੍ਰਮ ਨਹੀਂ ਕਰਨਾ ਚਾਹੀਦਾ,ਜਿਸ ਨਾਲ ਉਸਨੂੰ ਜ਼ਿੰਦਗੀ ਵਿਚ ਕਸ਼ਟ ਉਠਾਉਣੇ ਪੈਣ। ਅਤੇ ਇਸਦਾ ਲੇਖਾ ਜੋਖਾ ਪੂਰਾ ਕਰਨ ਲਈ ਅਸਿਹ ਦੁੱਖ ਝੱਲਣੇ ਪੈਣ । ਇਸ ਉਪਰੰਤ ਇਲਾਕੇ ਦੀਆਂ ਮਾਨਯੋਗ ਸ਼ਖ਼ਸੀਅਤਾਂ ਵਲੋਂ ਵਿਛੜੀ ਆਤਮਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸ਼ਰਧਾਂਜਲੀ ਭੇਂਟ ਕਰਦਿਆਂ ਮੈਂਬਰ ਪਾਰਲੀਮੈਂਟ ਸ, ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਚੌਧਰੀ ਰਾਮ ਪ੍ਰਕਾਸ਼ ਕਿਸਾਨਾ ਇਕ ਨੇਕ ਦਿਲ ਇਨਸਾਨ ਸਨ। ਜਿਹਨਾਂ ਨੇ ਆਪਣੀ ਜ਼ਿੰਦਗੀ ਵਿਚ ਹਮੇਸ਼ਾ ਮਹਿਨਤ ਕੀਤੀ। ਹੱਕ ਹਲਾਲ ਦੀ ਕਮਾਈ ਕਰਕੇ ਜਿਥੇ ਪਰਿਵਾਰਕ ਪਾਲਣ ਪੋਸ਼ਣ ਕੀਤਾ, ਉਥੇ ਲੋੜ ਪੈਣ ਤੇ ਵੰਡ ਕੇ ਵੀ ਛਕਿਆ। ਸਾਬਕਾ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ ਨੇ ਕਿਹਾ ਕਿ ਚੌਧਰੀ ਰਾਮ ਪ੍ਰਕਾਸ਼ ਉਧਨੋਵਾਲ ਜਿਹਨਾਂ ਨੇ ਆਪਣੀ 92 ਸਾਲ ਦੀ ਲੰਬੀ ਉਮਰ ਵਿੱਚ ਕਦੇ ਵੀ ਕੋਈ ਬੁਰਾਈ ਨਹੀਂ ਕੀਤੀ। ਬਲਕਿ ਹਮੇਸ਼ਾ ਨਿਮਰਤਾ ਦੇ ਧਾਰਨੀ ਬਣ ਕੇ ਆਪਣਾ ਜੀਵਨ ਬਤੀਤ ਕੀਤਾ। ਉਹਨਾਂ ਦੀ ਜਾਣ ਦੀ ਵੱਡੀ ਘਾਟ ਹੈ। ਅਸ਼ੋਕ ਬਾਠ ਰਿਟਾਇਰਡ ਐਸ ਐਸ ਪੀ ਨੇ ਕਿਹਾ ਕਿ ਚੌਧਰੀ ਸਾਹਿਬ ਦਾ ਵਿਛੋੜਾ ਅਸਹਿ ਹੈ। ਕਿਉਂਕਿ ਇਹੋ ਜਿਹੇ ਇਨਸਾਨ ਆਪਣੇ ਪਰਿਵਾਰ , ਮਿਤਰਾਂ, ਸੱਜਣਾਂ ਅਤੇ ਰਿਸ਼ਤੇਦਾਰਾਂ ਲਈ ਤਾਂ ਸਹਾਰਾ ਹੁੰਦੇ ਹੀ ਹਨ, ਬਲਕਿ ਸਮਾਜ ਲਈ ਵੀ ਰਾਹ ਦਰਸਾਊ ਹੁੰਦੇ ਹਨ। ਇਸ ਲਈ ਉਹਨਾਂ ਦਾ ਜਾਣਾ, ਭਾਵੇਂ ਉਮਰ ਕਾਫੀ ਸੀ, ਫਿਰ ਵੀ ਦੁਖਦਾਇਕ ਘਟਨਾ ਤੋਂ ਘੱਟ ਨਹੀਂ ਹੈ। ਸਤਨਾਮ ਸਿੰਘ ਰਾਜੂ ਮਾਜਰਾ ਰਿਟਾਇਰਡ ਡੀ ਐੱਸ ਪੀ ਨੇ ਕਿਹਾ ਕਿ ਚੌਧਰੀ ਸਾਹਿਬ ਦੇ ਵਿਛੋੜੇ ਨਾਲ ਜਿੱਥੇ ਪਰਿਵਾਰ ਅਤੇ ਅਸੀਂ ਰਿਸ਼ਤੇਦਾਰ ਇਕ ਕੀਮਤੀ ਸਲਾਹ ਤੋਂ ਵਾਂਝੇ ਹੋ ਗਏ ਹਾਂ, ਉਥੇ ਸਮਾਜ ਲਈ ਵੀ ਵੱਡੀ ਘਾਟ ਹੈ। ਜਿਸ ਨੂੰ ਪੂਰਾ ਕਰਨਾ ਨਾਮੁਮਕਿਨ ਹੈ। ਆਉ ਅਸੀਂ ਸਾਰੇ ਮਿਲਕੇ ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰੀਏ। ਗੁਰਤੇਜ ਸਿੰਘ ਪੰਨੂੰ ਸੋਸ਼ਲ ਮੀਡੀਆ ਇੰਚਾਰਜ ਪੰਜਾਬ ਕਾਂਗਰਸ ਨੇ ਕਿਹਾ ਕਿ ਇਹੋ ਜਿਹੀਆਂ ਸ਼ਖ਼ਸੀਅਤਾਂ ਦਾ ਵਿਛੋੜੇ ਦੀ ਘਾਟ ਪਰਿਵਾਰਾਂ ਤੱਕ ਹੀ ਸੀਮਤ ਨਹੀਂ ਹੁੰਦੀ ਬਲਕਿ ਇਸ ਤੋਂ ਅੱਗੇ ਵੇਖੀਏ ਤਾਂ ਸਮਾਜ ਨੂੰ ਵੀ ਚੰਗੇ ਇਨਸਾਨਾਂ ਦੀ ਲੋੜ ਹੁੰਦੀ ਹੈ। ਸੀਨੀਅਰ ਪੱਤਰਕਾਰ ਪਰਮਾਨੰਦ ਬ੍ਰਹਮ ਪੁਰੀ ਨੇ ਜਿਥੇ ਆਪਣੇ ਵਲੋਂ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ, ਉਥੇ ਸ਼ਹੀਦ ਊਧਮ ਸਿੰਘ ਪ੍ਰੈੱਸ ਵੈਲਫੇਅਰ ਕਲੱਬ ਬਲਾਚੌਰ ਵਲੋਂ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਵੀ ਕੀਤੀ। ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ ਚੌਧਰੀ ਸਤਨਾਮ ਜਲਾਲਪੁਰ ਨੇ ਵੀ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਚੌਧਰੀ ਸਾਹਿਬ ਗੁੱਜਰ ਬਰਾਦਰੀ ਵਿੱਚ ਆਪਣਾ ਵਧੀਆ ਨਾਮ ਅਤੇ ਸਥਾਨ ਰੱਖਦੇ ਸਨ। ਪਰਿਵਾਰਕ ਪਾਲਣ ਪੋਸ਼ਣ ਲਈ ਜਿਥੇ ਨੇਕ ਕਮਾਈ ਕਰਦੇ ਸਨ। ਉਥੇ ਸਮਾਜ ਵਿੱਚ ਹਰ ਚੰਗੇ ਮਾੜੇ ਸਮੇਂ ਵਿੱਚ ਸ਼ਾਮਲ ਹੁੰਦੇ ਸਨ। ਭਾਜਪਾ ਯੁਵਾ ਆਗੂ ਸੰਦੀਪ ਕੁਮਾਰ ਸੋਨੂੰ ਭਾਟੀਆ ਨੇ ਕਿਹਾ ਕਿ ਸਮਾਜ ਨੂੰ ਚੌਧਰੀ ਸਾਹਿਬ ਵਰਗੀਆਂ ਸਖਸ਼ੀਅਤਾਂ ਦੀ ਜ਼ਰੂਰਤ ਹੈ। ਜਿਹਨਾਂ ਦੀ ਹਰ ਸਲਾਹ ਸਮਾਜ ਲਈ ਕਾਰਗਰ ਸਾਬਿਤ ਹੁੰਦੀ ਹੈ। ਗੁੱਜਰ ਬੋਰਡ ਪੰਜਾਬ ਦੇ ਵਾਈਸ ਚੇਅਰਮੈਨ ਸ਼ਿਵ ਕਰਨ ਚੌਧਰੀ ਅਤੇ ਸੇਠੀ ਮਹੇਸ਼ਈ ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ ਨੇ ਵੀ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਅੰਤ ਵਿੱਚ ਸਾਰੀਆਂ ਆਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਸੀਨੀਅਰ ਆਗੂ ਆਮ ਆਦਮੀ ਪਾਰਟੀ ਅਸ਼ੋਕ ਕਟਾਰੀਆ ਨੇ ਬੜੇ ਵਿਸਥਾਰ ਨਾਲ ਚੌਧਰੀ ਸਾਹਿਬ ਦੇ ਪਰਿਵਾਰਿਕ ਪਿਛੋਕੜ , ਉਹਨਾਂ ਦੇ ਜੀਵਨ ਕਾਲ ਅਤੇ ਉਹਨਾਂ ਦੇ ਜੀਵਨ ਕਾਲ ਦੌਰਾਨ ਕੀਤੇ ਕੰਮਾਂ ਵਾਰੇ ਵਰਨਣ ਕਰਨ ਦੇ ਨਾਲ ਨਾਲ ਸਾਰੀਆਂ ਸ਼ਖ਼ਸੀਅਤਾਂ ਦਾ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇਸ ਅੰਤਿਮ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਵਿਧਾਇਕ ਸੰਤੋਸ਼ ਕਟਾਰੀਆ, ਸ, ਜਸਵੀਰ ਸਿੰਘ ਗੜ੍ਹੀ ਚੇਅਰਮੈਨ ਐਸ ਸੀ ਕਮਿਸ਼ਨ ਪੰਜਾਬ (ਜੋ ਕਿ ਵਧੇਰੇ ਰੁਝੇਵੇਂ ਹੋਣ ਕਾਰਨ ਪਹਿਲਾਂ ਹੀ ਹਾਜ਼ਰੀਆਂ ਭਰ ਗਏ ਸਨ), ਕਾਮਰੇਡ ਪਰਮਿੰਦਰ ਮੇਨਕਾ ਤਹਿਸੀਲ ਸਕੱਤਰ ਸੀ ਪੀ ਆਈ, ਗਗਨ ਅਗਨੀਹੋਤਰੀ ਚੇਅਰਮੈਨ ਮਾਰਕੀਟ ਕਮੇਟੀ ਨਵਾਂਸ਼ਹਿਰ, ਭਗਤ ਜੀ ਥਾਨਵਾਲਾ, ਪਰਮਜੀਤ ਪੰਮਾ ਕੌਂਸਲਰ, ਜਸਵੰਤ ਸਿੰਘ ਤੂਰ, ਸਤਨਾਮ ਸਰਪੰਚ ਕਟਵਾਰਾ,ਆਪ ਆਗੂ ਪਵਨ ਕੁਮਾਰ ਰੀਠੂ,ਪਵਨ ਕੁਮਾਰ ਭਾਟੀਆ ਰਿਟਾਇਰਡ ਇੰਸਪੈਕਟਰ ਪੰਜਾਬ ਪੁਲਿਸ, ਪ੍ਰੈੱਸ ਕਲੱਬ ਪ੍ਰਧਾਨ ਨਰੇਸ਼ ਧੌਲ, ਪੱਤਰਕਾਰ ਵਿਨੋਦ ਬੈਂਸ, ਹਰਦੀਪ ਸਿੰਘ ਗਹੂੰਣ, ਜੋਗਿੰਦਰ ਪਾਲ ਟ੍ਰੈਫਿਕ ਇੰਚਾਰਜ਼ ਬਲਾਚੌਰ, ਚੌਧਰੀ ਗੁਰਦਿਆਲ ਚੰਦ ਪੰਡੋਰੀ , ਚੌਧਰੀ ਰਾਮ ਕੁਮਾਰ ਪੰਡੋਰੀ, ਚੌਧਰੀ ਕਮਲ ਸੋਨੂੰ ਨੀਦਰਲੈਂਡ, ਚੌਧਰੀ ਰਾਮ ਕੁਮਾਰ ਭਵਾਨੀ ਪੁਰ, ਮਨਪ੍ਰੀਤ ਸਿੰਘ ਸਰਪੰਚ ਗੁਲਾਲੀ ਪੁਰ, ਡਾਕਟਰ ਗੁਰਜੀਤ ਸਿੰਘ ਕੰਗ, ਸ਼ਰਨਜੀਤ ਸਿੰਘ ਸ਼ਹਿਬਾਜ਼ ਪੁਰ, ਸੁਦੇਸ਼ ਕਟਾਰੀਆ, ਮਹਿੰਦਰ ਪਾਲ ਰਾਜੂ ਮਾਜਰਾ, ਜੋਗਿੰਦਰ ਸਿੰਘ ਕਿਸਾਨਾ, ਬਾਬੂ ਕਰਮਚੰਦ ਕਿਸਾਨਾ, ਚੌਧਰੀ ਰਾਮ ਸ਼ਾਹ ਭਾਟੀਆ ਸਾਬਕਾ ਸਰਪੰਚ,ਰਾਮ ਸ਼ਾਹ ਨੰਬਰਦਾਰ,ਮਹਿੰਦਰ ਪਾਲ ਰਿਟਾਇਰਡ ਸਬ ਇੰਸਪੈਕਟਰ ਪੰਜਾਬ ਪੁਲਿਸ, ਛੋਟੂ ਰਾਮ ਮੈਂਬਰ ਪੰਚਾਇਤ, ਮਨੋਹਰ ਲਾਲ ਸੈਕਟਰੀ, ਰਾਕੇਸ਼ ਕੁਮਾਰ ਠੇਕੇਦਾਰ, ਦੀਵਾਨ ਚੰਦ ਖੇਪੜ , ਮੁਨੀਸ਼ ਕੁਮਾਰ ਵੇਰਕਾ ਮਿਲਕ ਵਾਲੇ, ਜਸਵਿੰਦਰ ਸਿੰਘ ਕਾਟਨ ਪਰਚੇਜਰ, ਸਚਿਨ ਠੇਕੇਦਾਰ,ਰਾਮ ਪਾਲ ਭਾਟੀਆ, ਸ਼ਾਮ ਲਾਲ ਕਾਟਨ ਪਰਚੇਜਰ, ਜਨਕ ਰਾਜ ਚੌਧਰੀ, ਰੋਸ਼ਨ ਲਾਲ ਰਿਟਾਇਰਡ ਪੰਜਾਬ ਪੁਲਿਸ, ਰਮਨ ਚੌਧਰੀ ਯੂਥ ਆਗੂ ਆਮ ਆਦਮੀ ਪਾਰਟੀ, ਮਨਪ੍ਰੀਤ ਸਿੰਘ ਮਨੀ ਚੌਧਰੀ (ਬਿਲਡਿੰਗ ਮੈਟੀਰੀਅਲ ਮਨਸੇਵਾਲ ਰੋਡ ਰੱਤੇਵਾਲ), ਸ਼ਾਮ ਲਾਲ ਖੇਪੜ, ਵਿਨੋਦ ਕੁਮਾਰ ਰਿੰਕੂ, ਸੰਦੀਪ ਕਾਲਾ, ਪੋਲਾ ਕਿਸਾਨਾ, ਪਵਨਜੀਤ ਕਾਲਾ, ਡਿੰਪੀ ਭਾਟੀਆ (ਕ੍ਰਿਸ਼ਨਾ ਸਵੀਟ ਸ਼ਾਪ) ਬਲਾਚੌਰ, ਹਰੀ ਕਿਸ਼ਨ ਬਾਗੋਵਾਲ, ਸੰਜੇ ਚੇਚੀ ਸ਼੍ਰੀ ਕ੍ਰਿਸ਼ਨਾ ਸੀਮੈਂਟ ਸਟੋਰ ਵਾਲੇ, ਰਾਜ ਕੁਮਾਰ ਰਾਜੂ, ਵਿੱਕੀ ਜ਼ਿਮੀਂਦਾਰ ਐਕਸਪਰਟਸ ਪਾਪੂਲਰ , ਨਵਿਸ਼ ਚੌਧਰੀ , ਰੋਹਿਤ ਨੰਬਰਦਾਰ, ਜ਼ਿਕਰਯੋਗ ਹੈ ਕਿ ਦਿਨੇਸ਼ ਕਟਾਰੀਆ ਡਿੰਪੀ ਅਮਰੀਕਾ ਵਾਸੀ ਨੇ ਅਮਰੀਕਾ ਤੋਂ,ਸਾਹਿਲ ਚੌਧਰੀ ਨੇ ਸਪੇਨ ਤੋਂ ਅਤੇ ਗੌਰਵ ਬਾਗੜੀ ਨੇ ਪੁਰਤਗਾਲ ਤੋਂ ਚੌਧਰੀ ਸਾਹਿਬ ਦੀ ਅੰਤਿਮ ਅਰਦਾਸ ਵਿੱਚ ਆਪਣੇ ਲਿਖਿਤ ਸ਼ੋਕ ਸੁਨੇਹੇ ਰਾਹੀਂ ਸ਼ਾਮੂਲੀਅਤ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਪੱਤਰਕਾਰ ਵਿਜੈ ਉਧਨੋਵਾਲ ਨੇ ਬਾਖ਼ੂਬੀ ਨਿਭਾਈ।

ਸਮਾਜ ਵੀਕਲੀ ਨਿਊਜ਼

# ਲਾਹੌਰੀ ਰਾਮ ਬਾਲੀ ਬੇਖੌਫ, ਨਿਧੜਕ ਤੇ ਬੇਮਿਸਾਲ ਸ਼ਖਸ਼ੀਅਤ ਦੇ ਮਾਲਕ ਸਨ - ਪ੍ਰੋ. ਜਗਮੋਹਨ ਸਿੰਘ

## ਮੁੱਖ ਮਹਿਮਾਨ ਪ੍ਰੋਫੈਸਰ ਜਗਮੋਹਨ ਸਿੰਘ ਨੇ ਸ੍ਰੀ ਲਾਹੌਰੀ ਰਾਮ ਬਾਲੀ ਜੀ ਨਾਲ ਸ਼ਹੀਦੇ-ਆਜ਼ਮ ਸ. ਭਗਤ ਸਿੰਘ ਜੀ ਦੇ ਪਿੰਡ ਖਟਕੜ ਕਲਾ ਵਿਖੇ ਹੋਈ 1949 ਨੂੰ ਪਹਿਲੀ ਮੁਲਾਕਾਤ ਦੀ ਯਾਦ ਤਾਜ਼ਾ ਕੀਤਾ










**ਅੰਬੇਡਕਰ ਮਿਸ਼ਨ ਸੁਸਾਇਟੀ ਦੇ ਆਗੂ ਮੁੱਖ ਮਹਿਮਾਨ ਦਾ ਸਨਮਾਨ ਕਰਦੇ ਹੋਏ।2. ਸਮਾਗਮ ਦੀਆਂ ਕੁਝ ਝਲਕੀਆਂ।**

**ਜਲੰਧਰ (ਸਮਾਜ ਵੀਕਲੀ)**: ਅੰਬੇਡਕਰ ਮਿਸ਼ਨ ਸੁਸਾਇਟੀ (ਰਜਿ.) ਪੰਜਾਬ ਵੱਲੋਂ ਮਰਹੂਮ ਸ੍ਰੀ ਲਾਹੌਰੀ ਰਾਮ ਬਾਲੀ ਜੀ ਦੇ ਚੌਥੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਵਿੱਚ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਨ ਸਿੰਘ ਮੁੱਖ ਬੁਲਾਰੇ ਵਜੋਂ ਅਤੇ ਅਜੀਤ ਸਮਾਚਾਰ ਗਰੁੱਪ ਦੇ ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਵਿਸ਼ੇਸ਼ ਬੁਲਾਰੇ ਵਜੋਂ ਸ਼ਾਮਿਲ ਹੋਏ। ਮੁੱਖ ਮਹਿਮਾਨ ਪ੍ਰੋਫੈਸਰ ਜਗਮੋਹਨ ਸਿੰਘ ਨੇ ਸ੍ਰੀ ਲਾਹੌਰੀ ਰਾਮ ਬਾਲੀ ਜੀ ਨਾਲ ਸ਼ਹੀਦੇ-ਆਜ਼ਮ ਸ. ਭਗਤ ਸਿੰਘ ਜੀ ਦੇ ਪਿੰਡ ਖਟਕੜ ਕਲਾ ਵਿਖੇ ਹੋਈ 1949 ਨੂੰ ਪਹਿਲੀ ਮੁਲਾਕਾਤ ਦੀ ਯਾਦ ਤਾਜ਼ਾ ਕਰਦਿਆਂ ਕਿਹਾ ਕਿ ਮੇਰੇ ਮਾਤਾ ਬੀਬੀ ਅਮਰ ਕੌਰ ਜੀ,( ਸ਼ਹੀਦ ਭਗਤ ਸਿੰਘ ਦੀ ਛੋਟੀ ਭੈਣ) ਬਾਲੀ ਸਾਹਿਬ ਨੂੰ ਆਪਣਾ ਭਰਾ ਮੰਨਦੇ ਸਨ। ਉਨ੍ਹਾਂ ਨੇ ਦੱਸਿਆ ਕਿ ਮੇਰੇ ਮਾਤਾ ਜੀ ਨੇ ਮੇਰਾ ਹੱਥ ਬਾਲੀ ਸਾਹਿਬ ਨੂੰ ਫੜਾਉਂਦਿਆਂ ਮੈਨੂੰ ਹਦਾਇਤ ਕੀਤੀ ਸੀ ਕਿ ਅੱਜ ਤੋਂ ਤੂੰ ਬਾਲੀ ਸਾਹਿਬ ਦੇ ਨਕਸ਼ੇ-ਕਦਮ ਤੇ ਚਲਦਿਆਂ ਆਪਣੇ ਵਿਚਾਰਾਂ ਵਿੱਚ ਪਰਪੱਕਤਾ ਲਿਆਉਣੀ ਹੈ। ਪ੍ਰੋਫੈਸਰ ਜਗਮੋਹਨ ਸਿੰਘ ਨੇ ਕਿਹਾ ਕਿ ਬਾਲੀ ਜੀ ਬੇਖੌਫ, ਨਿਧੜਕ ਤੇ ਬੇਮਿਸਾਲ ਸ਼ਖਸ਼ੀਅਤ ਦੇ ਮਾਲਕ ਸਨ। ਉਹ ਇੱਕ ਗੰਭੀਰ ਲੇਖਕ, ਪੱਤਰਕਾਰ, ਪੂੰਜੀਵਾਦੀ ਅਤੇ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਨ ਵਾਲੇ ਪ੍ਰਭਾਵਸ਼ਾਲੀ ਬੁਲਾਰੇ ਸਨ। ਉਨ੍ਹਾਂ ਨੇ ਆਪਣੀਆਂ ਲਿਖਤਾਂ ਅਤੇ ਸਮੇਂ-ਸਮੇਂ ਤੇ ਆਰੰਭੇ ਅੰਦੋਲਨਾਂ ਰਾਹੀਂ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਅੰਬੇਡਕਰਵਾਦ ਦੀ ਇਨਕਲਾਬੀ ਵਿਚਾਰਧਾਰਾ ਲਹਿਰ ਦਾ ਝੰਡਾ ਬੁਲੰਦ ਕੀਤਾ। ਮੁਖ ਮਹਿਮਾਨ ਨੇ ਕਿਹਾ ਕਿ ਬਾਲੀ ਜੀ ਦੀ ਸਰਪਰਸਤੀ ਹੇਠ ਉਸਾਰਿਆ ਗਿਆ ਅੰਬੇਡਕਰ ਭਵਨ ਇੱਕ ਇਤਿਹਾਸਿਕ ਤੇ ਯਾਦਗਾਰੀ ਸਥਾਨ ਹੈ, ਜਿੱਥੋਂ ਡਾ. ਅੰਬੇਡਕਰ ਸਾਹਿਬ ਦੇ ਸਿਧਾਂਤਕ ਫਲਸਫੇ ਦਾ ਪ੍ਰਚਾਰ ਕੀਤਾ ਜਾਂਦਾ ਹੈ। ਉਨ੍ਹਾਂ ਨੇ ਅੰਬੇਡਕਰ ਮਿਸ਼ਨ ਸੁਸਾਇਟੀ ਨੂੰ ਸੁਝਾਅ ਦਿੱਤਾ ਕਿ ਭਵਨ ਵਿੱਚ ਨਿਰੰਤਰ ਵਰਕਸ਼ਾਪਾਂ ਦਾ ਆਯੋਜਨ ਕਰਕੇ ਨੌਜਵਾਨਾਂ, ਵਿਸ਼ੇਸ਼ ਕਰਕੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਬਾਬਾ ਸਾਹਿਬ ਦੇ ਸਮਤਾ, ਸੁਤੰਤਰਤਾ, ਭਾਈਚਾਰੇ, ਸਮਾਜਿਕ ਨਿਆਂ ਅਤੇ ਤਰਕਸ਼ੀਲ ਸੰਕਲਪਾਂ ਨਾਲ ਜੋੜਿਆ ਜਾਣਾ ਚਾਹੀਦਾ ਹੈ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਭਾਰਤੀਆਂ ਨੂੰ ਦਰਪੇਸ਼ ਸਮੱਸਿਆਵਾਂ ਤੇ ਗੰਭੀਰ ਤੇ ਸਾਰਥਕ ਲੇਖ ਲਿਖਣ ਵਾਲੇ ਸੀਨੀਅਰ ਪੱਤਰਕਾਰ ਉੱਘੇ ਬੁੱਧੀਜੀਵੀ ਰੋਜਾਨਾ ਅਜੀਤ ਦੇ ਸੰਪਾਦਕ ਸ੍ਰੀ ਸਤਨਾਮ ਸਿੰਘ ਮਾਣਕ ਜੀ ਨੇ ਕਿਹਾ ਕਿ ਬਾਲੀ ਸਾਹਿਬ ਮੇਰੇ ਲਈ ਸਦਾ ਪ੍ਰੇਰਨਾ ਦੇ ਸਰੋਤ ਰਹੇ ਹਨ। ਉਨ੍ਹਾਂ ਨੇ ਡਾ. ਅੰਬੇਡਕਰ ਸਾਹਿਬ ਦੀਆਂ ਧਰਮ ਨਿਰਪੱਖ, ਲੋਕਤੰਤਰਿਕ ਅਤੇ ਪਛੜੇ ਤੇ ਦਲਿਤ ਸਮਾਜ ਦੀ ਬੇਹਤਰੀ ਲਈ ਕੀਤੇ ਗਏ ਸੰਘਰਸ਼ ਦੀ ਨੀਤੀ ਨੂੰ ਆਪਣੀ ਜ਼ਿੰਦਗੀ ਦਾ ਮੂਲ ਮੰਤਵ ਸਮਝਦਿਆਂ ਆਪਣੀਆਂ ਲਿਖਤਾਂ ਅਤੇ ਅੰਦੋਲਨਾਂ ਦੁਆਰਾ ਲਗਾਤਾਰ ਸੰਘਰਸ਼ਸ਼ੀਲ ਜੀਵਨ ਬਤੀਤ ਕੀਤਾ। ਮਾਣਕ ਜੀ ਨੇ ਕਿਹਾ ਕਿ ਵਰਤਮਾਨ ਸਮੇਂ ਵਿੱਚ ਹਿੰਦੂਤਵੀ ਤਾਕਤਾਂ ਨੇ ਦੇਸ਼ ਦੇ ਸਾਰੇ ਸੰਸਥਾਨਾਂ ਤੇ ਕਬਜ਼ਾ ਕਰ ਲਿਆ ਹੈ ਅਤੇ ਇੱਕ-ਨੇਸ਼ਨ ਇੱਕ-ਚੋਣ ਅਤੇ ਨਵੀਂ ਹਲਕਾ ਬੰਦੀ ਵਰਗੀਆਂ ਸੰਵਿਧਾਨਿਕ ਸੋਧਾਂ ਕਰਕੇ ਉਹ ਦਲਿਤਾਂ, ਘੱਟ ਗਿਣਤੀਆਂ ਅਤੇ ਭਾਰਤ ਦੀ ਫੈਡਰਲ ਸੰਰਚਨਾ ਨੂੰ ਹਾਨੀ ਪਹੁੰਚਾਉਣ ਦੇ ਯਤਨ ਵਿੱਚ ਹਨ। ਉੱਚ ਵਿੱਦਿਆ ਨੂੰ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜੋਕਾ ਭਾਰਤ ਇੱਕ ਡਰਿਆ ਹੋਇਆ ਦੇਸ਼ ਹੈ। ਮਾਣਕ ਜੀ ਨੇ ਕਿਹਾ ਕਿ ਇਸ ਭਿਆਨਕ ਸਥਿਤੀ ਵਿੱਚੋਂ ਨਿਕਲਣ ਲਈ ਬੌਧਿਕ ਕ੍ਰਾਂਤੀ ਦਾ ਆਗਾਜ਼ ਕਰਨ ਵਾਲੇ ਤਥਾਗਤ ਬੁੱਧ, ਸੂਫੀਆਂ, ਭਗਤੀ ਲਹਿਰ, ਗੁਰ-ਮਤਿ ਲਹਿਰ, ਗਦਰੀ ਲਹਿਰ ਅਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਭਾਰਤੀ ਸੰਵਿਧਾਨ, ਲੋਕਤੰਤਰ, ਦਲਿਤਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਨੂੰ ਬਚਾਉਣ ਲਈ ਇੱਕ ਮੰਚ ਤੇ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ ਤਾਂ ਹੀ ਹਿੰਦੂ ਰਾਸ਼ਟਰ ਦੇ ਵੱਧ ਰਹੇ ਪ੍ਰਭਾਵ ਨੂੰ ਖਤਮ ਕੀਤਾ ਜਾ ਸਕਦਾ। ਉੱਘੇ ਲੇਖਕ ਅਤੇ ਬੁੱਧੀਜੀਵੀ ਡਾ. ਸੁਰਿੰਦਰ ਅਜਨਾਤ ਨੇ ਕਿਹਾ ਕਿ ਬਾਲੀ ਸਾਹਿਬ ਇੱਕ ਗੰਭੀਰ ਚਿੰਤਕ, ਪ੍ਰਤਿਬਧ ਅੰਬੇਡਕਰੀ ਲੇਖਕ, ਪੀੜਿਤ ਲੋਕਾਂ ਲਈ ਨਿਰੰਤਰ ਸੰਘਰਸ਼ ਕਰਨ ਵਾਲੇ ਮਹਾਨ ਯੋਧਾ ਸਨ। ਉਨ੍ਹਾਂ ਦਾ ਸਮੁੱਚਾ ਜੀਵਨ ਬੁੱਧ ਸਤੇ ਅੰਬੇਡਕਰੀ ਵਿਚਾਰਧਾਰਾ ਪ੍ਰਤੀ ਸਮਰਪਿਤ ਸੀ ਅਤੇ ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਰਾਹੀਂ ਉਨ੍ਹਾਂ ਨੇ ਦਲਿਤ ਸਮਾਜ ਵਿੱਚ ਨਵ-ਚੇਤਨਾ ਦਾ ਪਾਸਾਰ ਕੀਤਾ। ਰਮੇਸ਼ ਚੰਦਰ, ਸਾਬਕਾ ਰਾਜਦੂਤ ਨੇ ਬਾਲੀ ਸਾਹਿਬ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਬਾਲੀ ਸਾਹਿਬ ਦੀ ਅੰਦੋਲਨਕਾਰੀ ਸ਼ਖਸ਼ੀਅਤ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਸੁਸਾਇਟੀ ਵੱਲੋਂ ਬਾਲੀ ਸਾਹਿਬ ਬਾਰੇ ਆਰੰਭੀ ਗਈ ਭਾਸ਼ਨਾ ਦੀ ਲੜੀ ਨੂੰ ਲਗਾਤਾਰ ਜਾਰੀ ਰੱਖਣਾ ਚਾਹੀਦਾ ਹੈ। ਸ੍ਰੀ ਸੋਹਨ ਲਾਲ ਸਾਂਪਲਾ ਜਰਮਨੀ, ਡਾ. ਜੀ. ਸੀ. ਕੌਲ ਜਸਵਿੰਦਰ ਵਰਿਆਣਾ ,ਅਤੇ ਐਡਵੋਕੇਟ ਹਰਭਜਨ ਸਾਂਪਲਾ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਮਰਹੂਮ ਲਾਹੌਰੀ ਰਾਮ ਬਾਲੀ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਪ੍ਰੋਫੈਸਰ ਬਲਬੀਰ ਨੇ ਸਭ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਸੁਸਾਇਟੀ ਦੇ ਮੁੱਖ ਸਲਾਹਕਾਰ ਚਰਨ ਦਾਸ ਸੰਧੂ ਨੇ ਮੰਚ ਦਾ ਸੰਚਾਲਨ ਬਾਖੂਬੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਮਹਿੰਦਰ ਸੰਧੂ, ਬਲਦੇਵ ਰਾਜ ਭਾਰਦਵਾਜ ਪਰਮਿੰਦਰ ਸਿੰਘ ਖੁੱਤਣ, ਡਾ. ਰਾਹੁਲ ਬਾਲੀ, ਤਿਲਕ ਰਾਜ, ਕਮਲਸ਼ੀਲ ਬਾਲੀ, ਡਾ. ਚਰਨਜੀਤ ਸਿੰਘ, ਨਿਰਮਲ ਬਿੰਜੀ, ਚਰਨਜੀਤ ਸਿੰਘ ਚੰਨੀ, ਕਮਲ ਕੁਮਾਰ, ਪ੍ਰਿੰਸੀਪਲ ਪਰਮਜੀਤ ਜੱਸਲ, ਪ੍ਰਿੰਸੀਪਲ ਕੁਲਵੰਤ ਸਿੰਘ ਫੁੱਲ, ਡੀ.ਪੀ. ਭਗਤ, ਮਨਜੀਤ ਸਿੰਘ, ਓਮ ਪ੍ਰਕਾਸ਼, ਚਮਨ ਸਾਂਪਲਾ, ਪ੍ਰੋ. ਅਤਿੰਦਰ ਸਿੰਘ, ਪ੍ਰੋ. ਅਸ਼ਵਨੀ ਜਸਲ, ਅਜੇ ਯਾਦਵ, ਰੂਪ ਲਾਲ, ਐਮ.ਆਰ. ਸੱਲਣ, ਡਾ. ਸੰਦੀਪ ਮਹਿਮੀ, ਸੂਰਜ ਬਿਰਦੀ, ਬਲਵਿੰਦਰ ਪੁਆਰ, ਇੰਜੀ. ਜੀਤ ਸਿੰਘ, ਹੁਸਨ ਲਾਲ ਫੂਲਪੁਰ, ਮਲਕੀਤ ਸਿੰਘ, ਜਗਦੀਸ਼ ਕੁਮਾਰ ਡਾਲੀਆ, ਪਰਮਜੀਤ ਮਹੇ, ਸਵਰਨ ਦਾਸ, ਜੀ. ਰਾਜ ਅੰਗੂਰਾਨਾ, ਹਰੀ ਸਿੰਘ ਥਿੰਦ, ਧਨੀ ਰਾਮ, ਪਿਛੌਰੀ ਲਾਲ ਸੰਧੂ, ਹਿਤੇਸ਼ ਕੁਮਾਰ, ਸੋਨੀਆ ਭਾਰਦਵਾਜ, ਗੁਰਮੀਤ ਕੌਰ ਆਦਿ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ**
**(ਰਜਿ.), ਪੰਜਾਬ**


ਬੁਧਿਸ਼ਟ ਵਿਰਾਸਤ
ਬਚਾਓ ਅੰਦੋਲਨ
ਤਹਿਤ
ਬੁੱਧਿਸ਼ਟ ਇੰਟਰਨੈਸ਼ਨਲ ਨੈਟਵਰਕ ਦੁਆਰਾ
ਰਾਜ ਪੱਧਰ ਤੇ
ਇੱਕ ਦਿਨ ਦੇ ਲਈ
ਵਿਸ਼ੇਸ਼ ਗੱਲਬਾਤ
22 ਜੁਲਾਈ 2026
ਸਮਾਂ: ਸਵੇਰੇ 11 ਵਜੇ ਤੋਂ
ਲੈ ਕੇ ਸ਼ਾਮ 5 ਵਜੇ ਤੱਕ
ਸਥਾਨ -
ਨਾਗਸੇਨ ਬੁੱਧ ਬਿਹਾਰ
ਰੇਲਵੇ ਸਟੇਸ਼ਨ ਦੇ ਸਾਹਮਣੇ
ਡੌਂ.ਗਰਗੜ੍ਹ ਜਿਲਾ,
ਰਾਜ ਨੇਦ ਪਿੰਡ
ਸ਼ੱਤੀਸ ਗੜ੍ਹ
ਅਧਿਅਕਸ਼ਤਾ
ਮਾਨ੍ਯੀਏ
ਬਾਮਨ ਮੈਸ਼ਰਾਮ
ਸਾਹਿਬ
ਰਾਸ਼ਟਰੀ ਸੁਰੰਕਸ਼ਕ
ਬੁੱਧੀਸ਼ਟ ਇੰਟਰਨੈਸ਼ਨਲ
ਨੈਟਵਰਕ, ਨਵੀਂ ਦਿੱਲੀ
ਆਓ, ਬੁਧਿਸ਼ਟ ਵਿਰਾਸਤ ਦੀ ਰੱਖਿਆ ਲਈ ਇੱਕਜੁੱਟ ਹੋਈਏ।


# ਸੇਵਾ, ਸਿਮਰਨ ਦੇ ਪੁੰਜ : ਸੰਤ ਨਰੈਣ ਸਿੰਘ 'ਸੇਵਾਪੰਥੀ'

**14 ਤੋਂ 16 ਜੁਲਾਈ ਤੱਕ ਬਰਸੀ 'ਤੇ ਵਿਸ਼ੇਸ਼**

ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਅਨਿੰਨ ਸੇਵਕ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰੋਂ-ਘਰੋਂ ਵਰੋਸਾਏ ਭਾਈ ਕਨੱਈਆ ਰਾਮ ਜੀ ਹੋਏ ਸਨ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਕਨੱਈਆ ਰਾਮ ਜੀ ਨੂੰ ਕਿਹਾ ਸੀ ਕਿ ਤੇਰੇ ਨਾਂ 'ਤੇ ਇੱਕ ਪੰਥ ਚੱਲੇਗਾ ਸੋ ਇਹ ਸੇਵਾਪੰਥੀ ਸੰਪਰਦਾਇ ਭਾਈ ਕਨੱਈਆ ਰਾਮ ਜੀ ਦੀ ਦੇਣ ਹੈ । ਸੇਵਾਪੰਥੀ ਸਾਧੂ ਅਨੇਕਾਂ ਹੋਏ, ਉਹਨਾਂ ਮਹਾਂਪੁਰਸ਼ਾਂ ਵਿੱਚੋਂ ਹੀ ਸੰਤ ਨਰੈਣ ਸਿੰਘ 'ਸੇਵਾਪੰਥੀ' ਹੋਏ ਹਨ ।

ਸੰਤ ਨਰੈਣ ਸਿੰਘ ਦਾ ਜਨਮ 1866 ਈ: ਸੰਮਤ 1923 ਬਿਕਰਮੀ ਪੱਛਮੀ ਪੰਜਾਬ ਦੇ ਪਿੰਡ ਹੈਦਰਾਬਾਦ ਤਹਿਸੀਲ ਭੱਖਰ ਜ਼ਿਲ੍ਹਾ ਮੀਆਂਵਾਲੀ (ਪਾਕਿਸਤਾਨ) ਵਿਖੇ ਸ੍ਰ: ਆਇਆ ਸਿੰਘ ਦੇ ਘਰ ਹੋਇਆ । ਬਚਪਨ ਤੋਂ ਹੀ ਆਪ ਧਾਰਮਿਕ ਬਿਰਤੀ ਦੇ ਮਾਲਕ ਸਨ । ਆਪ ਦੇ ਦੋ ਵੱਡੇ ਭਰਾ ਭਾਈ ਉਦੇ ਭਾਨ ਤੇ ਭਾਈ ਸਹਾਈ ਰਾਮ ਜੀ ਸਨ । ਆਪ ਨੇ ਸਤੀ ਸੰਤੋਖ ਦਾਸ ਉਦਾਸੀ ਪਾਸੋਂ ਗੁਰਮੁਖੀ ਵਿੱਦਿਆ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ । ਆਪ ਦਾ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਕੇ ਗੁਰਦੁਆਰੇ ਪੁੱਜਣਾ, ਗੁਰਬਾਣੀ ਪੜ੍ਹਨੀ ਤੇ ਕੀਰਤਨ ਸੁਣਨਾ ਰੋਜ਼ਾਨਾ ਨੇਮ ਸੀ। ਸੰਤ ਨਰੈਣ ਸਿੰਘ, ਸੰਤ ਗ਼ਰੀਬ ਦਾਸ ਜੀ ਕੋਲ 13-14 ਸਾਲ ਦੀ ਉਮਰ ਵਿੱਚ ਗੁਰਦੁਆਰੇ ਰਹਿ ਕੇ ਸੇਵਾ ਕਰਨ ਲੱਗੇ । ਅੱਠੇ ਪਹਿਰ ਗੁਰਬਾਣੀ, ਸਤਿਸੰਗ, ਕਥਾ-ਕੀਰਤਨ ਦਾ ਅਨੰਦ ਮਾਣਦੇ । ਲੰਗਰ ਵਾਸਤੇ ਲੱਕੜਾਂ ਲਿਆਉਣ ਦੀ ਸੇਵਾ ਕਰਨੀ, ਪਾਣੀ ਢੋਣ ਦੀ ਸੇਵਾ ਕਰਨੀ, ਸਾਰੇ ਗੁਰਦੁਆਰੇ ਵਿੱਚ ਝਾੜੂ ਫੇਰਨਾ, ਅੱਠੇ ਪਹਿਰ ਰਸਨਾ ਉੱਪਰ ਗੁਰਬਾਣੀ ਦਾ ਪਾਠ ਜਾਰੀ ਰਹਿਣਾ, ਨੂਰਪੁਰ ਡੇਰੇ 'ਤੇ ਰਹਿ ਕੇ ਜੋ ਸੰਤਾਂ ਨੂੰ ਗੁਰਬਾਣੀ, ਸੇਵਾ, ਸਿਮਰਨ ਦਾ ਗੂੜ੍ਹਾ ਰੰਗ ਚੜ੍ਹਿਆ, ਉਹ ਬੇਮਿਸਾਲ ਹੈ । ਸੰਤ ਨਰੈਣ ਸਿੰਘ ਨੇ ਡੇਰੇ ਤੇ ਰਹਿ ਕੇ ਜਪੁਜੀ ਸਾਹਿਬ, ਸ਼ਬਦ ਹਜ਼ਾਰੇ, ਆਸਾ ਕੀ ਵਾਰ, ਸੁਖਮਨੀ ਸਾਹਿਬ ਬਾਣੀਆਂ ਕੰਠ ਕੀਤੀਆਂ । ਸੁਖਮਨੀ ਸਾਹਿਬ ਬਾਣੀ ਦੇ ਨਾਲ ਐਸਾ ਪ੍ਰੇਮ ਲੱਗਾ ਕਿ ਆਪ ਸੁਖਮਨੀ ਰੂਪ ਹੋ ਗਏ । ਰਾਤ-ਦਿਨ ਆਪ ਦੀ ਰਸਨਾ ਤੇ ਸੁਖਮਨੀ ਸਾਹਿਬ ਦੀਆਂ ਤੁਕਾਂ ਹੀ ਨਿਵਾਸ ਰੱਖਦੀਆਂ । ਝਾੜੂ ਫੇਰਦਿਆਂ, ਲੰਗਰ ਦੇ ਭਾਂਡੇ ਮਾਂਜਦਿਆਂ, ਪਾਣੀ ਢੋਂਦਿਆਂ ਆਪ ਸਦਾ ਹੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹਿੰਦੇ । ਸੁਖਮਨੀ ਸਾਹਿਬ ਪੜ੍ਹਦਿਆਂ - ਪੜ੍ਹਦਿਆਂ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਲੀਨ ਹੋ ਜਾਂਦੇ ਸਨ।

ਸੰਤ ਗਰੀਬ ਦਾਸ ਜੀ ਨੇ ਸੰਤ ਨਰੈਣ ਸਿੰਘ ਜੀ ਨੂੰ ਆਪਣੇ ਕੋਲ ਬੁਲਾਇਆ ਤੇ ਕਿਹਾ, "ਤੁਸੀਂ ਆਪਣੇ ਸ਼ਹਿਰ ਹੈਦਰਾਬਾਦ ਜਾਉ, ਉੱਥੇ ਜਾ ਕੇ ਗੁਰਦੁਆਰਾ ਆਬਾਦ ਕਰੋ । ਨਾਮ ਰਸ ਅੰਮ੍ਰਿਤ ਦੇ ਗੱਫੇ ਥਲ ਦੀਆਂ ਸੰਗਤਾਂ ਨੂੰ ਛਕਾਉ। ਸੰਤ ਨਰੈਣ ਸਿੰਘ ਨੇ ਸੰਤ ਗਰੀਬ ਦਾਸ ਦੇ ਹੁਕਮ ਅਨੁਸਾਰ ਸੰਮਤ 1940 ਬਿਕਰਮੀ ਸੰਨ 1883 ਈ: ਵਿੱਚ ਹੈਦਰਾਬਾਦ ਵਿਖੇ ਸਤਿਸੰਗ ਕਰਨ ਦੀ ਲਹਿਰ ਚਲਾ ਦਿੱਤੀ । ਸੰਤ ਜੀ ਆਪ ਸ਼ਹਿਰ 'ਚੋਂ ਮੰਦੂਕੜੀ (ਪ੍ਰਸ਼ਾਦੇ) ਮੰਗ ਕੇ ਲਿਆਉਂਦੇ ਅਤੇ ਮੁਸਾਫਰਾਂ ਨੂੰ ਲੰਗਰ ਛਕਾਉਂਦੇ ਸਨ । ਸੰਮਤ 1943 ਬਿਕਰਮੀ ਸੰਨ 1886 ਈ: ਨੂੰ ਚੇਤਰ ਦੀ ਸੰਗਰਾਂਦ ਵਾਲੇ ਦਿਨ ਸੰਤ ਨਰੈਣ ਸਿੰਘ ਨੇ ਖੜ੍ਹੇ ਹੋ ਕੇ ਸਾਧਸੰਗਤ ਅੱਗੇ ਅਪੀਲ ਕੀਤੀ ਕਿ ਗੁਰੂ ਦਾ ਦਰਬਾਰ ਸਾਹਿਬ ਵੱਡਾ ਤੇ ਪੱਕਾ ਬਣਨਾ ਹੈ, ਸਾਧਸੰਗਤ ਮਾਇਆ ਸਫਲ ਕਰੋ । ਗੁਰੂ ਨਾਨਕ ਸਾਹਿਬ ਦੇ ਸੋਹਣੇ ਦਰਬਾਰ ਦੀ ਸੇਵਾ ਕਰਕੇ ਜਨਮ ਸਫਲਾ ਕਰੋ। ਸੰਤ ਨਰੈਣ ਸਿੰਘ ਦੇ ਬਚਨ ਸੁਣ ਕੇ ਸੰਗਤਾਂ ਨੇ ਜੋ ਸੇਵਾ ਕੀਤੀ, ਉਸ ਦਾ ਵਰਣਨ ਕਰਨਾ ਕਠਿਨ ਹੈ। ਸੰਤ ਨਰੈਣ ਸਿੰਘ ਜੀ ਨੇ ਸੰਮਤ 1944 ਬਿਕਰਮੀ ਸੰਨ 1887 ਈਸਵੀ ਨੂੰ ਗੁਰਦੁਆਰਾ ਸਾਹਿਬ ਦੀ ਨੀਂਹ ਆਪਣੇ ਕਰ-ਕਮਲਾਂ ਨਾਲ ਰੱਖੀ । ਚਾਰ ਸਾਲ ਲਗਾਤਾਰ ਗੁਰਦੁਆਰੇ ਦੀ ਕਾਰ-ਸੇਵਾ ਚੱਲਦੀ ਰਹੀ । ਹੈਦਰਾਬਾਦ, ਮਨਕੇਰਾ, ਕਾਰਲੂਆਲਾ, ਸਾਧਵਾਲਾ, ਗੋਹਰਵਾਲਾ, ਮਾਂਹਣੀ, ਧਿਘਾਨਾ ਆਦਿਕ ਪਿੰਡਾਂ ਦੀਆਂ ਸੰਗਤਾਂ ਨੇ ਪ੍ਰੇਮ, ਸ਼ਰਧਾ ਤੇ ਤਨ-ਮਨ-ਧਨ ਨਾਲ ਸੇਵਾ ਕੀਤੀ । ਸੰਤ ਨਰੈਣ ਸਿੰਘ ਨੇ ਲੰਗਰ ਵਾਸਤੇ, ਵਿਸ਼ਰਾਮ ਕਰਨ ਵਾਸਤੇ, ਮੁਸਾਫਰਾਂ ਦੇ ਰਹਿਣ ਵਾਸਤੇ ਛੋਟੇ-ਛੋਟੇ ਕਮਰੇ ਤਿਆਰ ਕਰਵਾਏ । ਗੁਰਦੁਆਰੇ ਵਾਲੇ ਖੂਹ ਤੇ ਮਾਹਲ ਲੌਟੇ ਪਵਾਏ । ਪਾਣੀ ਇਕੱਠਾ ਕਰਨ ਵਾਸਤੇ ਇੱਕ ਚੁਬੱਚਾ ਬਣਵਾਇਆ । ਉਸ ਅੱਗੇ ਵੱਡੀਆਂ ਦੋ ਖੇਲਾਂ ਬਣਵਾਈਆਂ ਜਿਨ੍ਹਾਂ ਵਿੱਚ ਹਰ ਵੇਲੇ ਪਾਣੀ ਭਰਿਆ ਰਹਿੰਦਾ ਸੀ । ਗਊਆਂ, ਬੱਕਰੀਆਂ, ਭੇਡਾਂ ਆਦਿਕ ਸਭ ਪਸ਼ੂ ਪਾਣੀ ਪੀ ਕੇ ਤ੍ਰਿਪਤ ਹੁੰਦੇ ਸਨ। ਸੰਤ ਜੀ ਨੇ ਕਿਲ੍ਹੇ ਦੀ ਸ਼ਕਲ ਵਿੱਚ ਚਾਰਦੀਵਾਰੀ ਵਿੱਚ ਹਰ ਕੋਨੇ ਤੇ ਚਾਰ ਕਮਰੇ ਬਣਵਾਏ । ਇੱਥੇ ਹਰ ਇੱਕ ਭੇਖ ਦੇ ਉਦਾਸੀ, ਸੰਨਿਆਸੀ ਸੰਤ ਮਹਾਤਮਾ ਆ ਕੇ ਠਹਿਰਦੇ ਸਨ । ਸੰਤ ਜੀ ਨੇ ਸ਼ਹਿਰ ਤੋਂ ਬਾਹਰ ਇੱਕ ਕੁਟੀਆ ਵੀ ਬਣਾਈ।




ਸੰਤ ਨਰੈਣ ਸਿੰਘ ਨੇ ਹੈਦਰਾਬਾਦ ਵਿੱਚ ਮੀਆਂਵਾਲੀ 'ਚ ਡੇਰਾ ਬਣਾ ਕੇ ਗੁਰਬਾਣੀ, ਗੁਰਮਤਿ ਦਾ ਪ੍ਰਵਾਹ ਚਲਾਇਆ । ਬੱਚੇ-ਬੱਚੀਆਂ ਨੂੰ ਗੁਰਬਾਣੀ ਗੁਰ-ਮਤਿ ਦੀ ਵਿੱਦਿਆ ਸਿਖਾਈ । ਸੰਤ ਜੀ ਕੋਲ ਜੋ ਵੀ ਆਉਂਦਾ, ਉਸ ਨੂੰ ਜਪੁਜੀ ਸਾਹਿਬ ਦਾ ਪਾਠ ਕਰਨ ਲਈ ਕਹਿੰਦੇ । ਸੰਤ ਨਰੈਣ ਸਿੰਘ ਜੀ, ਗੁਰੂ ਕਾ ਲੰਗਰ 24 ਘੰਟੇ ਖੁੱਲ੍ਹਾ ਰੱਖਦੇ ਸਨ । ਰਾਤ ਦੇ 12 ਵਜੇ ਕੋਈ ਮੁਸਾਫ਼ਿਰ ਆ ਜਾਏ, ਪ੍ਰਸ਼ਾਦਾ ਮਿਲਦਾ ਸੀ । ਗੁਰੂ ਕਾ ਲੰਗਰ ਇਤਨਾ ਅਤੁੱਟ ਚੱਲਦਾ ਸੀ ਕਿ ਮਨੁੱਖ ਤਾਂ ਕੀ ਪਸ਼ੂ ਪੰਛੀ ਵੀ ਛਕ ਕੇ ਤ੍ਰਿਪਤ ਹੁੰਦੇ ਸਨ । ਸੰਤ ਨਰੈਣ ਸਿੰਘ ਜੀ ਕੁੱਤਿਆਂ ਨੂੰ ਮਿੱਠੇ ਪ੍ਰਸ਼ਾਦੇ, ਪੰਛੀਆਂ ਲਈ ਕੋਠੇ (ਛੱਤ) ਤੇ ਦੋ- ਦੋ ਸੇਰ ਦਾਣੇ ਪਾਉਂਦੇ ਸਨ । ਸੰਤ ਨਰੈਣ ਸਿੰਘ ਨੇ ਕਾਰਲੂਆਲਾ, ਸਾਧਵਾਲਾ, ਗੋਹਰਵਾਲਾ, ਮਾਂਹਣੀ ਧਿਘਾਨਾ ਵਿਖੇ ਗੁਰਦੁਆਰਿਆਂ ਵਿੱਚ ਗੁਰਬਾਣੀ, ਗੁਰਮਤਿ, ਸਤਿਸੰਗ ਦੀ ਲਹਿਰ ਚਲਾਈ । ਹਿੰਦੂ, ਮੁਸਲਮਾਨ, ਸਿੱਖ, ਸਭ ਨੂੰ ਇੱਕ ਨਜ਼ਰ ਨਾਲ ਵੇਖਦੇ ਸਨ । ਗੁਰਦੁਆਰੇ ਕਿਸੇ ਮਜ਼੍ਹਬ ਦਾ ਕੋਈ ਵੀ ਮਨੁੱਖ ਆ ਜਾਵੇ ਸਭ ਨੂੰ ਬਿਨਾਂ ਵਿਤਕਰੇ ਖੁੱਲ੍ਹਾ ਲੰਗਰ ਛਕਾਇਆ ਜਾਂਦਾ ਸੀ । ਹਿੰਦੂ ਆਪ ਨੂੰ ਸੰਤ ਮਹਾਰਾਜ ਸੁਆਮੀ ਜੀ, ਮੁਸਲਮਾਨ ਖੂੰਡੇ ਵਾਲਾ ਬਾਬਾ ਤੇ ਖੰਡੇ ਵਾਲਾ ਭਾਈ ਸਾਹਿਬ ਕਹਿ ਕੇ ਸਤਿਕਾਰ ਕਰਦੇ ਸਨ।

ਹਿੰਦ ਪਾਕਿ ਦੀ ਵੰਡ ਸਮੇਂ ਆਪ ਨੇ ਬੜੀ ਸੂਝ-ਬੂਝ ਨਾਲ ਸਭ ਸੰਗਤ ਦੀ ਅਗਵਾਈ ਕੀਤੀ। ਸਭ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਵਿੱਚ ਇਕੱਠਾ ਕੀਤਾ । ਅਖੰਡ ਪਾਠ ਰੱਖੇ ਗਏ । ਲੰਗਰ ਸਭ ਵਾਸਤੇ ਚੱਲਦਾ ਰਿਹਾ । ਆਪ ਨੇ ਸੰਗਤਾਂ ਨੂੰ ਬਚਨ ਕੀਤਾ ਕਿ ਜਿਸ ਵੀ ਪਰਿਵਾਰ ਵਿੱਚ ਬੱਚੇ ਵੱਡੇ ਹਨ ਸਭ ਦੇ ਅਨੰਦ-ਕਾਰਜ ਕਰ ਦਿਉ। ਸੰਤ ਜੀ ਨੇ ਕਈ ਲੜਕੇ-ਲੜਕੀਆਂ ਦੇ ਅਨੰਦ-ਕਾਰਜ ਪਤਾਸਿਆਂ ਦੇ ਪ੍ਰਸ਼ਾਦ ਨਾਲ ਕਰ ਦਿੱਤੇ । ਆਪ ਸਭ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਟੇਕ ਰੱਖਣ ਦਾ ਉਪਦੇਸ਼ ਦਿੰਦੇ । ਆਪ ਦੇ ਪ੍ਰਤਾਪ ਸਦਕਾ ਹੈਦਰਾਬਾਦ ਵਿਖੇ ਕੋਈ ਉਪੱਧਰ (ਨੁਕਸਾਨ) ਨਾ ਹੋਇਆ । ਆਪ ਮਿਲਟਰੀ ਦੇ ਟਰੱਕਾਂ ਵਿੱਚ ਸਭ ਸੰਗਤਾਂ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਬਾਣੀ ਦੇ ਗੁਟਕੇ ਆਦਿ ਨਾਲ ਲੈ ਕੇ ਪਹਿਲਾਂ ਸ੍ਰੀ ਅੰਮ੍ਰਿਤਸਰ ਆਏ, ਉੱਥੋਂ ਕਈ ਥਾਵਾਂ ਤੋਂ ਹੁੰਦੇ ਹੋਏ ਬਾਅਦ ਵਿੱਚ ਪਾਣੀਪਤ ਆ ਗਏ।

ਸੰਤ ਨਰੈਣ ਸਿੰਘ ਜੀ ਹਰ ਸਾਲ ਨਵਾਂ ਸੰਮਤ (ਬਿਕਰਮੀ) ਮਨਾਇਆ ਕਰਦੇ ਸਨ। ਤਿੰਨ ਦਿਨ ਸਤਿਸੰਗ, ਕੀਰਤਨ, ਕਥਾ ਦੇ ਪ੍ਰਵਾਹ ਚੱਲਦੇ ਸਨ। ਪੰਥ ਪ੍ਰਸਿੱਧ ਗੁਣੀ-ਗਿਆਨੀ, ਕਥਾਵਾਚਕ, ਕੀਰਤਨੀ ਜਥੇ ਵਿਸ਼ੇਸ਼ ਤੌਰ 'ਤੇ ਬਾਹਰੋਂ ਬੁਲਾਉਂਦੇ ਸਨ । ਸੰਗਤਾਂ ਬੜੇ ਪ੍ਰੇਮ ਅਤੇ ਚਾਅ ਨਾਲ ਸੇਵਾ ਕਰਦੀਆਂ ਤੇ ਹਾਜ਼ਰੀ ਭਰ ਕੇ ਗੁਰੂ ਜਸ ਸਰਵਣ ਕਰਦੀਆਂ।

ਸੰਤ ਨਰੈਣ ਸਿੰਘ ਜੀ ਪੂਰਨ ਬ੍ਰਹਮ- ਗਿਆਨੀ ਸਨ । ਉਹਨਾਂ ਨੂੰ ਇਸ ਨਾਸ਼ਵਾਨ ਸੰਸਾਰ ਤੋਂ ਜਾਣ ਦਾ ਪਹਿਲਾਂ ਹੀ ਪਤਾ ਲੱਗ ਗਿਆ ਸੀ। ਸੰਤ ਨਰੈਣ ਸਿੰਘ ਜੀ ਦੇ ਸਰੀਰ ਤੇ ਸੋਜ ਅਤੇ ਥੋਥਰ ਆ ਗਈ । ਬੁਖਾਰ ਹੋ ਗਿਆ । ਆਪ ਦਾ ਸਰੀਰ ਬਿਰਧ ਸੀ। ਸੰਗਤਾਂ ਨੂੰ ਹੁਕਮ ਕੀਤਾ ਕਿ ਸਾਡੇ ਕੋਲ ਬੈਠ ਕੇ ਕੇਵਲ ਗੁਰਬਾਣੀ ਦਾ ਪਾਠ ਕਰੋ । ਵਾਹਿਗੁਰੂ ਦਾ ਭਾਣਾ ਮੰਨਣਾ ਤੇ ਕੋਈ ਦੁੱਖ ਨਾ ਮਨਾਉਣਾ । ਨਾਮ- ਬਾਣੀ ਦੇ ਰਸੀਏ, ਸੇਵਾ ਦੇ ਪੁੰਜ ਸੰਤ ਨਰੈਣ ਸਿੰਘ ਜੀ 'ਸੇਵਾਪੰਥੀ' 31 ਹਾੜ ਸੰਮਤ 2009 ਬਿਕਰਮੀ ਸੰਨ 1952 ਈ: ਨੂੰ 86 ਸਾਲ ਦੀ ਉਮਰ ਬਤੀਤ ਕਰਕੇ ਸੁਖਮਨੀ ਸਾਹਿਬ ਦਾ ਪਾਠ ਸੁਣਦੇ-ਸੁਣਦੇ ਪੰਜ ਭੂਤਕ ਸਰੀਰ ਛੱਡ ਕੇ ਜੋਤੀ-ਜੋਤਿ ਸਮਾ ਗਏ।

ਸੰਤ ਨਰਾਇਣ ਸਿੰਘ ਜੀ 'ਸੇਵਾਪੰਥੀ' ਦੀ 74ਵੀਂ ਬਰਸੀ ਗੁਰਦੁਆਰਾ ਸੰਤ ਭਾਈ ਨਰੈਣ ਸਿੰਘ ਜੀ (ਰਜਿ:) ਵਾਰਡ ਨੰਬਰ 7, ਗੁਰਦੁਆਰਾ ਰੋਡ ਪਾਣੀਪਤ ਵਿਖੇ 14,15 ਤੇ 16 ਜੁਲਾਈ (ਸਾਵਣ ਦੀ ਸੰਗਰਾਂਦ) ਦਿਨ ਮੰਗਲਵਾਰ, ਬੁੱਧਵਾਰ ਤੇ ਵੀਰਵਾਰ ਨੂੰ ਬੜੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ । ਜਿਸ ਵਿੱਚ ਸ੍ਰ: ਪ੍ਰਭਜੋਤ ਸਿੰਘ ਜੀ ਅਤੇ ਸਾਥੀ, ਸ੍ਰ: ਬਲਵਿੰਦਰ ਸਿੰਘ ਜੀ ਅਤੇ ਸਾਥੀ, ਸੰਤ ਭਾਈ ਨਰੈਣ ਸਿੰਘ ਕੀਰਤਨ ਅਕੈਡਮੀ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਅਤੇ ਭਾਈ ਕਮਲਜੀਤ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਪ੍ਰਚਾਰਕ, ਸੰਤ ਮਹਾਂਪੁਰਸ਼ ਅੰਮ੍ਰਿਤਮਈ ਕਥਾ, ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ । ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

**ਕਰਨੈਲ ਸਿੰਘ**
**ਐੱਮ.ਏ.ਲੁਧਿਆਣਾ**
**# 1138/63-ਏ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ ।**

# ਬਚਤ ਅਤੇ ਨਿਵੇਸ਼ ਦੀ ਤਾਕਤ

ਅੱਜ ਦੇ ਤੇਜ਼ੀ ਨਾਲ ਬਦਲਦੇ ਆਰਥਿਕ ਅਤੇ ਸਮਾਜਿਕ ਦੌਰ ਵਿੱਚ ਸਿਰਫ਼ ਪੈਸਾ ਕਮਾਉਣਾ ਹੀ ਵਿੱਤੀ ਸੁਰੱਖਿਆ ਦੀ ਗਾਰੰਟੀ ਨਹੀਂ ਹੈ। ਮਹਿੰਗਾਈ ਵਿੱਚ ਲਗਾਤਾਰ ਵਾਧਾ, ਅਚਾਨਕ ਆਉਣ ਵਾਲੀਆਂ ਐਮਰਜੈਂਸੀਆਂ, ਰੁਜ਼ਗਾਰ ਦੇ ਬਦਲਦੇ ਮੌਕੇ ਅਤੇ ਵੱਧਦੀ ਔਸਤ ਉਮਰ ਨੇ ਬਚਤ ਅਤੇ ਨਿਵੇਸ਼ ਨੂੰ ਹਰ ਵਿਅਕਤੀ ਲਈ ਜੀਵਨ ਦੀਆਂ ਲਾਜ਼ਮੀ ਆਦਤਾਂ ਬਣਾ ਦਿੱਤਾ ਹੈ। ਆਮਦਨ ਸਾਨੂੰ ਅੱਜ ਦੀਆਂ ਲੋੜਾਂ ਪੂਰੀਆਂ ਕਰਨ ਦਾ ਸਾਧਨ ਦਿੰਦੀ ਹੈ, ਪਰ ਬਚਤ ਅਤੇ ਨਿਵੇਸ਼ ਸਾਡੇ ਭਵਿੱਖ ਨੂੰ ਸੁਰੱਖਿਅਤ ਅਤੇ ਮਜ਼ਬੂਤ ਬਣਾਉਂਦੇ ਹਨ। ਇਹ ਸਿਰਫ਼ ਵਿੱਤੀ ਕਿਰਿਆਵਾਂ ਨਹੀਂ, ਸਗੋਂ ਇੱਕ ਸਨਮਾਨਪੂਰਨ, ਸੁਤੰਤਰ ਅਤੇ ਨਿਸ਼ਚਿੰਤ ਜੀਵਨ ਦੀ ਮਜ਼ਬੂਤ ਨੀਂਹ ਹਨ।ਬਚਤ ਦਾ ਅਰਥ ਹੈ ਆਪਣੀ ਆਮਦਨ ਦਾ ਇੱਕ ਹਿੱਸਾ ਤੁਰੰਤ ਖ਼ਰਚ ਕਰਨ ਦੀ ਬਜਾਏ ਭਵਿੱਖ ਲਈ ਸੰਭਾਲ ਕੇ ਰੱਖਣਾ।

ਇਹ ਸੰਕਟ ਦੇ ਸਮੇਂ ਸਾਡਾ ਸਭ ਤੋਂ ਵੱਡਾ ਸਹਾਰਾ ਬਣਦੀ ਹੈ। ਅਚਾਨਕ ਬਿਮਾਰੀ, ਨੌਕਰੀ ਤੋਂ ਛੁੱਟੀ, ਦੁਰਘਟਨਾ ਜਾਂ ਪਰਿਵਾਰ ਦੀ ਕਿਸੇ ਐਮਰਜੈਂਸੀ ਸਥਿਤੀ ਵਿੱਚ ਬਚਤ ਆਰਥਿਕ ਸੁਰੱਖਿਆ ਪ੍ਰਦਾਨ ਕਰਦੀ ਹੈ। ਨਿਯਮਿਤ ਬਚਤ ਕਰਨ ਵਾਲੇ ਲੋਕ ਕਰਜ਼ਿਆਂ ਅਤੇ ਕਰੈਡਿਟ ਕਾਰਡਾਂ 'ਤੇ ਘੱਟ ਨਿਰਭਰ ਰਹਿੰਦੇ ਹਨ, ਜਿਸ ਨਾਲ ਉਹ ਕਰਜ਼ੇ ਦੇ ਜਾਲ ਤੋਂ ਬੱਚ ਸਕਦੇ ਹਨ ਅਤੇ ਮਾਨਸਿਕ ਤੌਰ 'ਤੇ ਵੀ ਵਧੇਰੇ ਨਿਸ਼ਚਿੰਤ ਰਹਿੰਦੇ ਹਨ। ਪਰ ਲੰਬੇ ਸਮੇਂ ਲਈ ਸਿਰਫ਼ ਬਚਤ ਹੀ ਕਾਫ਼ੀ ਨਹੀਂ ਹੁੰਦੀ। ਮਹਿੰਗਾਈ ਕਾਰਨ ਸਮੇਂ ਦੇ ਨਾਲ ਪੈਸੇ ਦੀ ਖਰੀਦ ਸ਼ਕਤੀ ਘਟਦੀ ਜਾਂਦੀ ਹੈ। ਇਸ ਲਈ ਨਿਵੇਸ਼ ਕਰਨਾ ਵੀ ਉਨ੍ਹਾਂ ਹੀ ਮਹੱਤਵਪੂਰਨ ਹੈ। ਨਿਵੇਸ਼ ਦਾ ਭਾਵ ਹੈ ਆਪਣੇ ਧਨ ਨੂੰ ਅਜਿਹੀਆਂ ਸੰਪਤੀਆਂ ਵਿੱਚ ਲਗਾਉਣਾ ਜੋ ਸਮੇਂ ਦੇ ਨਾਲ ਉਸਦੀ ਕੀਮਤ ਵਿੱਚ ਵਾਧਾ ਕਰ ਸਕਣ। ਵਿਅਕਤੀ ਆਪਣੀ ਲੋੜ ਅਤੇ ਜੋਖ਼ਮ ਝੱਲਣ ਦੀ ਸਮਰੱਥਾ ਅਨੁਸਾਰ ਬੈਂਕ ਫਿਕਸਡ ਡਿਪਾਜ਼ਿਟ, ਸਰਕਾਰੀ ਸਕੀਮਾਂ, ਮਿਊਚੁਅਲ ਫੰਡ, ਸ਼ੇਅਰ ਬਾਜ਼ਾਰ, ਰੀਅਲ ਅਸਟੇਟ, ਸੋਨਾ ਜਾਂ ਰਿਟਾਇਰਮੈਂਟ ਯੋਜਨਾਵਾਂ ਵਿੱਚ ਨਿਵੇਸ਼ ਕਰ ਸਕਦਾ ਹੈ। ਸਮਝਦਾਰੀ ਨਾਲ ਕੀਤਾ ਗਿਆ ਨਿਵੇਸ਼ ਮਹਿੰਗਾਈ ਨਾਲੋਂ ਤੇਜ਼ੀ ਨਾਲ ਧਨ ਵਿੱਚ ਵਾਧਾ ਕਰਦਾ ਹੈ ਅਤੇ ਭਵਿੱਖ ਦੇ ਵੱਡੇ ਵਿੱਤੀ ਟੀਚਿਆਂ ਨੂੰ ਹਾਸਲ ਕਰਨ ਵਿੱਚ ਮਦਦਗਾਰ ਸਾਬਤ ਹੁੰਦਾ ਹੈ।ਨਿਵੇਸ਼ ਦੀ ਸਭ ਤੋਂ ਵੱਡੀ ਤਾਕਤ ਵਿਆਜ਼ ਨਾਲ ਮੂਲ ਧਨ ਦੇ ਵਾਧੇ ਵਿੱਚ ਲੁਕੀਂ ਹੋਈ ਹੈ। ਜਦੋਂ ਨਿਵੇਸ਼ ਤੋਂ ਹੋਈ ਕਮਾਈ ਨੂੰ ਦੁਬਾਰਾ ਨਿਵੇਸ਼ ਕੀਤਾ ਜਾਂਦਾ ਹੈ ਤਾਂ ਉਹ ਵੀ ਨਵੀਂ ਕਮਾਈ ਪੈਦਾ ਕਰਦੀ ਹੈ। ਸਾਲਾਂ ਤੱਕ ਕੀਤੇ ਗਏ ਛੋਟੇ-ਛੋਟੇ ਪਰ ਨਿਯਮਿਤ ਨਿਵੇਸ਼ ਵੀ ਇੱਕ ਵੱਡੀ ਪੂੰਜੀ ਵਿੱਚ ਤਬਦੀਲ ਹੋ ਸਕਦੇ ਹਨ। ਇਹ ਸਾਬਤ ਕਰਦਾ ਹੈ ਕਿ ਵਿੱਤੀ ਸਫ਼ਲਤਾ ਸਿਰਫ਼ ਵੱਧ ਆਮਦਨ ਨਾਲ ਨਹੀਂ, ਸਗੋਂ ਅਨੁਸ਼ਾਸਨ, ਧੀਰਜ ਅਤੇ ਨਿਰੰਤਰਤਾ ਨਾਲ ਮਿਲਦੀ ਹੈ।

ਬਚਤ ਅਤੇ ਨਿਵੇਸ਼ ਸਾਨੂੰ ਆਪਣੇ ਸੁਪਨੇ ਸਾਕਾਰ ਕਰਨ ਦੀ ਆਜ਼ਾਦੀ ਵੀ ਦਿੰਦੇ ਹਨ। ਉੱਚ ਸਿੱਖਿਆ ਪ੍ਰਾਪਤ ਕਰਨੀ ਹੋਵੇ, ਆਪਣਾ ਕਾਰੋਬਾਰ ਸ਼ੁਰੂ ਕਰਨਾ ਹੋਵੇ, ਘਰ ਖਰੀਦਣਾ ਹੋਵੇ, ਯਾਤਰਾ ਕਰਨੀ ਹੋਵੇ ਜਾਂ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕਰਨਾ ਹੋਵੇ—ਹਰ ਟੀਚੇ ਲਈ ਵਿੱਤੀ ਯੋਜਨਾਬੰਦੀ ਲਾਜ਼ਮੀ ਹੈ। ਨਿਯਮਿਤ ਬਚਤ ਅਤੇ ਨਿਵੇਸ਼ ਕਰਨ ਵਾਲੇ ਲੋਕ ਬਿਨਾਂ ਵੱਧ ਕਰਜ਼ਾ ਲਏ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਦੇ ਹਨ।

ਰਿਟਾਇਰਮੈਂਟ ਦੀ ਯੋਜਨਾ ਵੀ ਨਿਵੇਸ਼ ਦਾ ਇੱਕ ਮਹੱਤਵਪੂਰਨ ਉਦੇਸ਼ ਹੈ। ਵੱਧਦੀ ਉਮਰ ਦੇ ਨਾਲ




ਲੋਕ ਆਪਣੀ ਨੌਕਰੀ ਤੋਂ ਬਾਅਦ ਵੀ ਲੰਮਾ ਜੀਵਨ ਬਤੀਤ ਕਰਦੇ ਹਨ। ਜੇਕਰ ਕੰਮਕਾਜ ਦੇ ਦੌਰਾਨ ਹੀ ਰਿਟਾਇਰਮੈਂਟ ਲਈ ਧਨ ਇਕੱਠਾ ਕੀਤਾ ਜਾਵੇ ਤਾਂ ਬੁਢਾਪੇ ਵਿੱਚ ਆਰਥਿਕ ਸੁਤੰਤਰਤਾ ਬਣੀ ਰਹਿੰਦੀ ਹੈ ਅਤੇ ਦੂਜਿਆਂ 'ਤੇ ਨਿਰਭਰਤਾ ਘੱਟਦੀ ਹੈ। ਇਸ ਨਾਲ ਸਿਹਤ ਸੰਬੰਧੀ ਖ਼ਰਚਿਆਂ ਅਤੇ ਰੋਜ਼ਾਨਾ ਦੀਆਂ ਲੋੜਾਂ ਨੂੰ ਵੀ ਸਨਮਾਨ ਨਾਲ ਪੂਰਾ ਕੀਤਾ ਜਾ ਸਕਦਾ ਹੈ।

ਵਿੱਤੀ ਸੁਰੱਖਿਆ ਮਾਨਸਿਕ ਸਿਹਤ ਲਈ ਵੀ ਬਹੁਤ ਲਾਭਕਾਰੀ ਹੈ। ਪੈਸਿਆਂ ਦੀ ਚਿੰਤਾ ਤਣਾਅ, ਚਿੰਤਾ ਅਤੇ ਪਰਿਵਾਰਕ ਟਕਰਾਵਾਂ ਦਾ ਇੱਕ ਵੱਡਾ ਕਾਰਨ ਬਣਦੀ ਹੈ। ਜਿਨ੍ਹਾਂ ਲੋਕਾਂ ਕੋਲ ਐਮਰਜੈਂਸੀ ਬਚਤ ਅਤੇ ਲੰਬੇ ਸਮੇਂ ਦੇ ਨਿਵੇਸ਼ ਹੁੰਦੇ ਹਨ, ਉਹ ਆਪਣੇ ਭਵਿੱਖ ਪ੍ਰਤੀ ਵਧੇਰੇ ਆਤਮ-ਵਿਸ਼ਵਾਸੀ ਅਤੇ ਨਿਸ਼ਚਿੰਤ ਰਹਿੰਦੇ ਹਨ। ਇਸ ਨਾਲ ਉਹ ਆਪਣੀ ਊਰਜਾ ਨਿੱਜੀ ਵਿਕਾਸ, ਪਰਿਵਾਰਕ ਰਿਸ਼ਤਿਆਂ ਅਤੇ ਸਮਾਜਿਕ ਯੋਗਦਾਨ ਵੱਲ ਕੇਂਦਰਿਤ ਕਰ ਸਕਦੇ ਹਨ।

ਬਚਤ ਦੀ ਆਦਤ ਪਾਉਣ ਲਈ ਵੱਡੀ ਆਮਦਨ ਦੀ ਲੋੜ ਨਹੀਂ ਹੁੰਦੀ। ਇਹ ਸਮਝਦਾਰੀ ਨਾਲ ਬਜਟ ਬਣਾਉਣ, ਲੋੜਾਂ ਅਤੇ ਇੱਛਾਵਾਂ ਵਿੱਚ ਫ਼ਰਕ ਸਮਝਣ, ਗੈਰ-ਜ਼ਰੂਰੀ ਖ਼ਰਚਿਆਂ ਤੋਂ ਬਚਣ ਅਤੇ ਹਰ ਮਹੀਨੇ ਆਮਦਨ ਦਾ ਇੱਕ ਨਿਸ਼ਚਿਤ ਹਿੱਸਾ ਪਹਿਲਾਂ ਹੀ ਬਚਾਉਣ ਨਾਲ ਸ਼ੁਰੂ ਹੁੰਦੀ ਹੈ। ਵਿੱਤੀ ਮਾਹਿਰਾਂ ਦਾ ਸੁਝਾਅ ਹੈ ਕਿ ਪਹਿਲਾਂ ਆਪਣੇ ਲਈ ਬਚਤ ਕਰੋ ਦੇ ਸਿਧਾਂਤ ਨੂੰ ਅਪਣਾਇਆ ਜਾਵੇ। ਨਿਯਮਿਤ ਅਤੇ ਅਨੁਸ਼ਾਸਿਤ ਢੰਗ ਨਾਲ ਕੀਤੀ ਗਈ ਛੋਟੀ ਬਚਤ ਵੀ ਸਮੇਂ ਦੇ ਨਾਲ ਅਸਾਧਾਰਣ ਨਤੀਜ਼ੇ ਦੇ ਸਕਦੀ ਹੈ।

ਸਫ਼ਲ ਨਿਵੇਸ਼ ਲਈ ਵਿੱਤੀ ਸਾਖਰਤਾ ਬਹੁਤ ਜ਼ਰੂਰੀ ਹੈ। ਹਰ ਵਿਅਕਤੀ ਨੂੰ ਜੋਖ਼ਮ, ਵਿਭਿੰਨਤਾ, ਮਹਿੰਗਾਈ ਅਤੇ ਲੰਬੀ ਮਿਆਦ ਦੀ ਯੋਜਨਾਬੰਦੀ ਵਰਗੀਆਂ ਬੁਨਿਆਦੀ ਧਾਰਣਾਵਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਆਪਣੇ ਨਿਵੇਸ਼ ਨੂੰ ਵੱਖ-ਵੱਖ ਸਾਧਨਾਂ ਵਿੱਚ ਵੰਡਣਾ ਜੋਖ਼ਮ ਨੂੰ ਘੱਟਾਉਂਦਾ ਹੈ ਅਤੇ ਵਿੱਤੀ ਸਥਿਰਤਾ ਨੂੰ ਵੱਧਾਉਂਦਾ ਹੈ। ਇਸਦੇ ਨਾਲ ਹੀ ਗੈਰ-ਵਾਜਬ ਅਤੇ ਅਸਾਧਾਰਨ ਮੁਨਾਫ਼ੇ ਦੇ ਲਾਲਚ ਵਾਲੀਆਂ ਯੋਜਨਾਵਾਂ ਤੋਂ ਸਾਵਧਾਨ ਰਹਿਣਾ ਵੀ ਬਹੁਤ ਜ਼ਰੂਰੀ ਹੈ।

ਮਾਪਿਆਂ ਅਤੇ ਸਕੂਲਾਂ ਦੀ ਵੀ ਇਹ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਧਨ ਦੀ ਮਹੱਤਤਾ, ਬਜਟ ਬਣਾਉਣ, ਸਬਰ ਨਾਲ ਫ਼ੈਸਲੇ ਲੈਣ ਅਤੇ ਜ਼ਿੰਮੇਵਾਰ ਨਿਵੇਸ਼ ਬਾਰੇ ਸਿੱਖਿਆ ਦੇਣ। ਵਿੱਤੀ ਤੌਰ 'ਤੇ ਜਾਗਰੂਕ ਨਾਗਰਿਕ ਨਾ ਸਿਰਫ਼ ਆਪਣਾ ਭਵਿੱਖ ਸੁਰੱਖਿਅਤ ਬਣਾਉਂਦੇ ਹਨ, ਸਗੋਂ ਦੇਸ਼ ਦੀ ਆਰਥਿਕ ਤਰੱਕੀ ਅਤੇ ਸਮਾਜਿਕ ਸਥਿਰਤਾ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਬਚਤ ਸਾਨੂੰ ਸੁਰੱਖਿਆ ਦਿੰਦੀ ਹੈ ਅਤੇ ਨਿਵੇਸ਼ ਸਾਨੂੰ ਮੌਕੇ ਪ੍ਰਦਾਨ ਕਰਦਾ ਹੈ। ਦੋਵੇਂ ਮਿਲ ਕੇ ਵਿੱਤੀ ਸੁਤੰਤਰਤਾ, ਆਤਮ-ਵਿਸ਼ਵਾਸ ਅਤੇ ਮਜ਼ਬੂਤ ਭਵਿੱਖ ਦੀ ਨੀਂਹ ਰੱਖਦੇ ਹਨ। ਇਹ ਸਾਨੂੰ ਅਣਨਿਸ਼ਚਿਤ ਹਾਲਾਤਾਂ ਦਾ ਸਾਹ-ਮਣਾ ਕਰਨ, ਆਪਣੇ ਸੁਪਨੇ ਸਾਕਾਰ ਕਰਨ ਅਤੇ ਸਨਮਾਨ ਨਾਲ ਬੁਢਾਪਾ ਬਿਤਾਉਣ ਦੀ ਤਾਕਤ ਦਿੰਦੇ ਹਨ।

ਅੱਜ ਦੇ ਆਰਥਿਕ ਤੌਰ 'ਤੇ ਅਨਿਸ਼ਚਿਤ ਅਤੇ ਤੇਜ਼ੀ ਨਾਲ ਬਦਲਦੇ ਯੁੱਗ ਵਿੱਚ ਬਚਤ ਅਤੇ ਸਮਝਦਾਰੀ ਨਾਲ ਕੀਤਾ ਗਿਆ ਨਿਵੇਸ਼ ਕੋਈ ਵਿਕਲਪ ਨਹੀਂ, ਸਗੋਂ ਹਰ ਵਿਅਕਤੀ ਲਈ ਇੱਕ ਅਟੱਲ ਲੋੜ ਹੈ। ਇੱਕ ਖੁਸ਼ਹਾਲ ਭਵਿੱਖ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿੰਨਾ ਕਮਾਉਂਦੇ ਹਾਂ ਨਹੀਂ, ਸਗੋਂ ਇਸ ਗੱਲ 'ਤੇ ਕਿ ਅਸੀਂ ਆਪਣੀ ਕਮਾਈ ਨੂੰ ਕਿੰਨੀ ਸਮਝਦਾਰੀ ਨਾਲ ਬਚਾਉਂਦੇ, ਨਿਵੇਸ਼ ਕਰਦੇ ਅਤੇ ਭਵਿੱਖ ਲਈ ਯੋਜਨਾਬੱਧ ਕਰਦੇ ਹਾਂ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਗਲਤ ਸਾਥ ਨਾਲੋਂ ਖਾਲੀ ਬੈਠਣਾ

ਗਲਤ ਸਾਥ ਨਾਲੋਂ ਖਾਲੀ ਸੀਟ ਤੇ ਬੈਠਣਾ ਚੰਗਾ। ਗਲਤ ਬੰਦੇ ਕੋਲੋਂ ਗਲਤ ਗੱਲਾਂ ਸਿੱਖਣ ਨਾਲ, ਹਾਲ ਹੁੰਦਾ ਮੁੰਦਾ। ਚੰਗੀ ਸੇਧ ਲੈ ਕੇ ਬੰਦਾ, ਮੰਜਿਲਾਂ ਸਰ ਕਰ ਲੈਂਦਾ। ਮਾੜਿਆਂ ਦੇ ਧੱਕੇ ਚੜ੍ਹ ਕੇ, ਘਰ ਬਰਬਾਦ ਕਰ ਲੈਂਦਾ। ਕਿਸੇ ਬੰਦੇ ਦੀ ਪਛਾਣ, ਉਸਦੀ ਸੰਗਤ ਤੋਂ ਹੁੰਦੀ। ਉਚੇ ਖਿਆਲਾਂ ਵਾਲੇ ਦੀ, ਉੱਚੀ ਪ੍ਰਤੀਤ ਹੁੰਦੀ। ਸਿਆਣੇ ਮਾਪੇ ਨਿਗਰਾਨੀ ਰੱਖਦੇ, ਆਪਣੇ ਬੱਚਿਆਂ ਦੀ, ਚੰਗੀ ਸੰਗਤ ਵਿੱਚ, ਜਾਣ ਲਈ। ਜਦੋਜਹਿਦ ਕਰਨੀ ਪੈਂਦੀ, ਵਧੀਆ ਪਹਿਚਾਣ ਲਈ। "ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਇ"। ਕਈ ਬੱਚੇ ਅਣਭੋਲ ਹੁੰਦੇ, ਗਲਤ ਸਾਥ ਦਾ, ਨਹੀਂ ਹੁੰਦਾ ਅੰਦਾਜਾ। ਸਾਰੀ ਉਮਰ ਭੁਗਤਣਾ ਪੈਂਦਾ, ਗਲਤ ਗੱਲਾਂ ਦਾ ਖਮਿਆਜਾ। ਕੌਮ ਦੀ ਪਨੀਰੀ ਨੂੰ ਸੰਭਾਲਣਾ, ਹੁੰਦਾ ਕੰਮ ਸਰਕਾਰਾਂ ਦਾ। ਪਾਏਦਾਰ ਪ੍ਰੋਜੈਕਟ ਬਣਾ ਕੇ, ਮਸਲਾ ਹੱਲ ਕਰਨਾ ਬੇਰੁਜ਼ਗਾਰਾਂ ਦਾ। ਡੰਗ ਟਪਾਊ ਕੰਮ ਹੁੰਦੇ, ਰਾਜਸੀ ਬੰਦਿਆਂ ਦੇ। ਵੋਟਰਾਂ ਨੂੰ




ਭਰਮਾਉਣਾ, ਧੰਦੇ ਹੁੰਦੇ ਸਾਲਸੀ ਬੰਦਿਆਂ ਦੇ। ਸੂਝਵਾਨ ਸਿਆਣੇ ਨੂੰ, ਨੁਮਾਇੰਦੇ ਬਣਾਓ । ਆਪਣੇ ਖਿੱਤਿਆਂ ਨੂੰ ਖੁਸ਼ਹਾਲ ਬਣਾਓ। ਜਿਹੋ ਜਿਹਾ ਕਰੋਗੇ, ਉਹੋ ਜਿਹਾ ਭਰੋਗੇ। ਗਲਤ ਚੋਣ ਕਰੋਗੇ ਸਾਰੀ ਉਮਰ ਝੁਰੋਗੇ। ਗਲਤ ਸਾਥ ਨਾਲੋਂ, ਕੁਰਸੀ ਤੇ ਖਾਲੀ ਬੈਠਣਾ ਚੰਗਾ। ਵਿਗੜੇ ਅੰਨਸਰਾਂ ਦਾ ਸਾਥ ਹੁੰਦਾ ਮੰਦਾ। ਚੰਗਾ ਸਮਾਜ ਸਿਰਜਣ ਦੀ ਦੀ ਸਮਰੱਥਾ ਹੁੰਦੀ, ਸੂਝਵਾਨ ਇਨਸਾਨਾਂ ਕੋਲ। ਟਰੰਪ ਵਰਗੇ ਬੰਦਿਆਂ ਨਾਲ,ਨਾ ਦੋਸਤੀ ਚੰਗੀ ਨਾ ਦੁਸ਼ਮਣ ਚੰਗੀ। ਬਹੁਤ ਨੇੜੇ ਜਾਓਗੇ ਪਛਤਾਓਗੇ, ਉਸ ਦੀ ਵਪਾਰਕ ਨੀਤੀ ਹੈ ਗੰਦੀ। ਮੌਕੇ ਤੇ ਫਾਇਦਾ ਉਠਾ ਕੇ, ਤੁਹਾਡੀਆਂ ਬਰਾਮਦਾਂ ਦਰਾਮਦਾਂ ਦਾ, ਟੈਕਸ ਡਿਊਟੀਆਂ ਲਾ ਕੇ, ਕਰ ਦੇਵੇਗਾ ਮਲੀਆਮੇਟ। ਨਜ਼ਰਾਂ ਉਠਾ ਕੇ ਦੇਖ ਨਹੀਂ ਸਕਦੇ, ਝਾਕਣ ਲਾ ਦੇਵੇਗਾ ਹੇਠ। ਦੁਨੀਆ ਵਿੱਚ ਜੇ ਜਿਉਣਾ ਹੈ, ਆਜ਼ਾਦ ਹੋ ਕੇ ਜੀਓ। ਟਰੰਪ ਨਾਲ ਲਾ ਕੇ ਦੋਸਤੀ, ਮਿੱਠਾ ਜ਼ਹਿਰ ਨਾ ਪੀਓ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40 ਏ, ਚੰਡੀਗੜ੍ਹ ਫੋਨ ਨੰਬਰ : 9878469639**

# ਧੀ ਦਾ ਸੰਧਾਰਾ

"ਜਾ ਪੁੱਤ , ਅੱਜ ਤੁਸੀਂ ਦੋਵੇਂ ਜੀਅ ਜਾ ਕੇ ਰਾਣੋ ਨੂੰ ਸੰਧਾਰਾ ਦੇ ਆਓ।ਅੱਜ ਐਤਵਾਰ ਆ, ਹਜੇ ਸਵੇਰ ਦੇ ਸੱਤ ਵੱਜੇ ਆ....ਦਸ ਕੁ ਵਜੇ ਨਾਲ ਚਲੇ ਜਾਓ , ਤਕਾਲਾਂ ਤੱਕ ਮੁੜ ਆਇਓ.....ਨਹੀਂ ਤਾਂ ਕਿਸੇ ਹੋਰ ਦਿਨ ਤੁਹਾਨੂੰ ਛੁੱਟੀ ਕਰਨੀ ਪਊ।" ਜਗੀਰੋ ਨੇ ਆਪਣੇ ਮੁੰਡੇ ਮਲਕੀਤ ਨੂੰ ਕਿਹਾ।

ਇਸ ਤੋਂ ਪਹਿਲਾਂ ਕਿ ਮਲਕੀਤ ਹਾਂ ਜਾਂ ਨਾਂਹ ਕੁਛ ਕਹਿੰਦਾ ਉਸ ਦੀ ਘਰਵਾਲੀ ਨਰਿੰਦਰ ਬੋਲੀ," ਬੇਜੀ ਥੋਨੂੰ ਤਾਂ ਸਾਡੀ ਇੱਕ ਛੁੱਟੀ ਚੁਭਦੀ ਰਹਿੰਦੀ ਆ, ਹਰੇਕ ਐਤਵਾਰ ਨੂੰ ਪਹਿਲਾਂ ਈ ਕੰਮ ਸੋਚ ਕੇ ਰੱਖ ਲੈਂਦੇ ਐ,ਆਪ ਤੁਸੀਂ ਦੋ ਦਿਨ ਲਾ ਆਓ, ਅਗਲੇ ਸ਼ਨੀਵਾਰ ਨੂੰ ਚਲੇ ਜਾਓ ਐਤਵਾਰ ਸ਼ਾਮ ਨੂੰ ਜਾਂ ਸੋਮਵਾਰ ਨੂੰ ਤੜਕੇ ਤੜਕੇ ਪਹਿਲੀ ਬੱਸ ਆਜਿਓ।"

"ਪੁੱਤ, ਮੈਂ ਤਾਂ ਊਂ ਬਥੇਰੀ ਵਾਰ ਅਗਾੜੀ ਪਛਾੜੀ ਜਾ ਸਕਦੀ ਆਂ,ਇਹ ਤਾਂ ਚੱਲ ਮਾਣ ਵਾਲੀ ਗੱਲ ਹੁੰਦੀ ਆ ਬਈ ਭਰਾ ਭਰਜਾਈ ਆਏ ਨੇ...... ਥੋਨੂੰ ਦੋ ਸਾਲ ਹੋ ਗਏ ਕੁੜੀ ਕੋਲ਼ ਗਇਆਂ ਨੂੰ..... ਪਿਛਲੇ ਸਾਲ ਵੀ ਤੂੰ ਆਏਂ ਈ ਕਹਿ ਕੇ ਮੈਨੂੰ ਭੇਜ ਦਿੱਤਾ ਸੀ......ਉਹਦੀ ਦਰਾਣੀ ਦਾ ਭਰਾ ਮਹੀਨੇ ਮਗਰੋਂ ਗੇੜਾ ਮਾਰ ਲੈਂਦਾ। ਆਪਣੇ ਧੀ ਪੁੱਤ ਦੀ ਕਦਰ ਘਟਦੀ ਆ ,ਹੋਰ ਤਾਂ ਕੁਛ ਨੀ।" ਜਗੀਰੋ ਨੇ ਆਪਣਾ ਤਰਕ ਰੱਖਦਿਆਂ ਨਰਿੰਦਰ ਨੂੰ ਆਖਿਆ।

"ਮਾਤਾ ਇਹਦੇ ਵਿੱਚ ਕਦਰ ਘਟਣ ਵਾ਼ਲੀ ਕਿਹੜੀ ਗੱਲ ਆ,ਭੈਣ ਜੀ ਦੀ ਦਰਾਣੀ ਦਾ ਭਰਾ ਤਾਂ ਵਿਹਲਾ , ਨਾ਼ਲੇ ਅਸੀਂ ਕਿਹੜਾ ਉਹਨਾਂ ਨਾਲ ਮੁਕਾਬਲਾ ਰੱਖਿਆ ਹੋਇਆ ਬਈ ਉਹਦਾ ਕੌਣ ਆਉਂਦਾ ਤੇ ਸਾਡੇ ਚੋਂ ਕੌਣ ਜਾਂਦਾ।" ਮਲਕੀਤ ਨੇ ਨਰਿੰਦਰ ਦੀ ਗੱਲ ਵਿੱਚ ਹਾਮੀ ਭਰਦੇ ਨੇ ਕਿਹਾ।

ਜਗੀਰੋ ਚੁੱਪ ਕਰ ਕੇ ਘਰ ਦੇ ਕੰਮ ਕਰਨ ਲੱਗ ਪਈ। ਨਰਿੰਦਰ ਨੇ ਆਪਣੀ ਸੱਸ ਨੂੰ ਅਗਲੇ ਸ਼ਨੀਵਾਰ ਜਾਣ ਦੀ ਸਲਾਹ ਤਾਂ ਦਿੱਤੀ ਸੀ ਕਿਉਂਕਿ ਜਗੀਰੋ ਤਕੜੀ ਪਈ ਸੀ,ਉਹ ਉਹਨਾਂ ਨੂੰ ਨਾਸ਼ਤਾ ਆਪ ਤਿਆਰ ਕਰਕੇ ਦਿੰਦੀ ਸੀ। ਸ਼ਾਮ ਦੀ ਰੋਟੀ ਟੁੱਕ ਵੀ ਆਪ ਹੀ ਤਿਆਰ ਕਰ ਲੈਂਦੀ ਸੀ। ਉਹ ਤਾਂ ਸਿਰਫ਼ ਆਪਣੇ ਦੋਹਾਂ ਜੀਆਂ ਦੇ ਟਿਫਨ ਤਿਆਰ ਕਰਦੀ ਸੀ। ਜੇ ਹੋਰ ਕਿਸੇ ਦਿਨ ਜਾਂਦੀ ਤਾਂ ਨਰਿੰਦਰ ਨੂੰ ਆਪ ਕੰਮ ਕਰਨਾ ਪੈਂਦਾ। ਉਂਝ ਤਾਂ ਜਗੀਰੋ ਖੁਸ਼ ਮਿਜਾਜ਼ ਔਰਤ ਸੀ ਪਰ ਅੱਜ ਆਪਣੇ ਨੂੰਹ ਪੁੱਤ ਦੇ ਰੁੱਖੇ ਰਵੱਈਏ ਕਾਰਨ ਉਦਾਸ ਜਿਹੀ ਹੋ ਗਈ ਸੀ।

ਗਿਆਰਾਂ ਕੁ ਵਜੇ ਕਿਸੇ ਨੇ ਦਰਵਾਜ਼ਾ ਖੜਕਾਇਆ ਜਦ ਜਗੀਰੋ ਨੇ ਦਰਵਾਜ਼ਾ ਖੋਲ੍ਹਿਆ ਤਾਂ ਨਰਿੰਦਰ ਦੀ ਮਾਂ ਆਈ ਸੀ।ਉਸ ਦੇ ਇੱਕ ਹੱਥ ਵਿੱਚ ਬਿਸਕੁਟਾਂ ਦਾ ਪੀਪਾ ਫੜਿਆ ਹੋਇਆ ਸੀ ਤੇ ਦੂਜੇ ਹੱਥ ਵਿੱਚ ਕੱਪੜਿਆਂ ਵਾਲਾ ਲਿਫ਼ਾਫ਼ਾ ਫੜਿਆ ਹੋਇਆ ਸੀ।ਉਹ ਸਾਹੋ ਸਾਹ ਹੋਈ ਪਈ ਸੀ। ਨਰਿੰਦਰ ਮਾਂ ਨੂੰ ਦੇਖ ਕੇ ਖੁਸ਼ ਹੋ ਗਈ ਤੇ ਗੇਟ ਵੱਲ ਨੂੰ ਪਿੱਛੇ ਮੁੜ ਮੁੜ ਕੇ ਦੇਖਦੀ ਹੋਈ,"ਬੀਜੀ ਤੁਸੀਂ ਕਿਵੇਂ ਆਏ....? ......ਮੇਰਾ ਮਤਲਬ ਵੀਰੇ ਨਾ਼ਲ ਜਾਂ........!"

"ਨਰਿੰਦਰ,ਜਾਹ ਪੁੱਤ.....ਸ਼ਿਕੰਜਵੀ ਬਣਾ ਕੇ ਲਿਆ....ਭੈਣ ਜੀ ਵਿਚਾਰੇ ਕਿਵੇਂ ਸਾਹੋ ਸਾਹ ਹੋਏ ਪਏ ਨੇ....। (ਨਰਿੰਦਰ ਰਸੋਈ ਵੱਲ ਨੂੰ ਜਾਂਦੀ ਹੈ) (ਜਗੀਰੋ ਨਰਿੰਦਰ ਦੀ ਮਾਂ ਨੂੰ) ਭੈਣ ਜੀ ਤੁਸੀਂ ਫੋਨ ਕਰ ਦਿੰਦੇ..... ਮਲਕੀਤ ਥੋਨੂੰ ਅੱਡਿਓਂ ਗੱਡੀ 'ਚ ਬਿਠਾ ਲਿਆਉਂਦਾ ...।" ਜਗੀਰੋ ਕਹਿੰਦੀ ਹੈ।


(ਨਰਿੰਦਰ ਸ਼ਿਕੰਜਵੀ ਦੇ ਪੰਜ ਵੱਡੇ ਵੱਡੇ ਗਿਲਾਸ ਭਰ ਕੇ ਟਰੇਅ ਵਿੱਚ ਰੱਖ ਕੇ ਲਿਆਉਂਦੀ ਹੈ, ਜਗੀਰੋ ਮਾੜਾ ਜਿਹਾ ਅੰਦਰ ਨੂੰ ਜਾਂਦੀ ਹੈ ਜਿਵੇਂ ਉਸ ਨੂੰ ਕੋਈ ਕੰਮ ਯਾਦ ਆ ਗਿਆ ਹੋਵੇ)

ਨਰਿੰਦਰ ਗੇਟ ਵੱਲ ਦੇਖਦੀ ਹੋਈ ਆਪਣੀ ਮਾਂ ਨੂੰ ਕਹਿੰਦੀ ਹੈ,"ਵੀਰਾ ਭਾਬੀ ਹਜੇ ਗੱਡੀ ਖੜ੍ਹੀ ਕਰਕੇ ਆਏ ਨੀ.....ਐਨਾ ਟਾਈਮ?"

"ਨਾ ਨੀ ਧੀਏ.....ਉਹ ਕਿੱਥੇ ਆਏ ਨੇ....? ਮੇਰੇ ਤਾਂ ਦੋ ਐਤਵਾਰ ਲੰਘ ਗਏ ਮਿੰਨਤਾਂ ਕਰਦੀ ਦੇ........ਜੇ ਮੰਨਣ ਤਾਂ ਹੀ ਆ....ਹਰੇਕ ਐਤਵਾਰ ਨੂੰ ਕਿਤੇ ਨਾ ਕਿਤੇ ਗੱਡੀ ਲੈ ਕੇ ਘੁੰਮਣ ਨਿਕਲ ਜਾਂਦੀ ਆ ਖਸਮ ਨੂੰ ਤੇ ਭੋਰਾ ਭਰ ਜਵਾਕ ਨੂੰ ਲੈਕੇ..... ਉੱਥੇ ਹੁਣ ਮੇਰੀ ਕਿਹੜਾ ਕੋਈ ਸੁਣਦਾ ਭੜੂਆ...... ।" ਨਰਿੰਦਰ ਦੀ ਮਾਂ ਜਗੀਰੋ ਨੂੰ ਆਪਣੇ ਵੱਲ ਨੂੰ ਆਉਂਦੀ ਦੇਖਕੇ ਇੱਕਦਮ ਚੁੱਪ ਹੋ ਜਾਂਦੀ ਹੈ।

ਜਗੀਰੋ ਨੇ ਸਭ ਕੁਝ ਸੁਣ ਲਿਆ ਸੀ ਤੇ ਮਨ ਵਿੱਚ ਸੋਚਦੀ ਹੈ, "ਭੈਣੇ ...... ਕੋਈ ਦੱਸੇ ਕੋਈ ਨਾ ਦੱਸੇ......ਹਾਲ ਤਾਂ ਇੱਥੇ ਵੀ ਇਹੋ ਹੈ..... ਪਰ ਆਪਣਾ ਝੱਗਾ ਚੁੱਕਿਆਂ ਆਪਣਾ ਈ ਢਿੱਡ ਨੰਗਾ ਹੁੰਦਾ.......ਦੁਨੀਆਂ ਦਾ ਇਹੋ ਦਸਤੂਰ ਹੈ.....ਹਰ ਕੋਈ ਆਪਣੇ ਪਰਦੇ ਕੱਜਦਾ ਤੁਰਿਆ ਫਿਰਦਾ........ ਏਹੁ ਹਮਾਰਾ ਜੀਵਣਾ ਹੈ।"

ਨਰਿੰਦਰ ਉਦਾਸ ਹੋ ਜਾਂਦੀ ਹੈ ਤਾਂ ਜਗੀਰੋ ਉਸ ਨੂੰ ਕਹਿੰਦੀ ਹੈ,"ਧੀਏ ਉਦਾਸ ਕਿਉਂ ਹੁੰਦੀ ਐਂ..... ਓਹ ਵੀ ਥੋਡੇ ਵਰਗੇ ਈ ਨੇ......ਤੇਰੇ ਵੀਰ ਭਾਬੀ ਕੋ਼ਲ ਵੀ ਏਥੇ ਆਉਣ ਲਈ ਸਮਾਂ ਨੀ ਹੋਣਾ.... ਐਵੇਂ ਤਾਂ ਨੀ ਸਿਆਣੇ ਕਹਿ ਗਏ... 'ਜੀਹਨੂੰ ਜਣੀਆਂ ਓਹਨੂੰ ਬਣੀਆਂ'।"



**ਬਰਜਿੰਦਰ ਕੌਰ ਬਿਸਰਾਓ...**
**9988901324**

# ਕੁਦਰਤ ਦੇ ਅਨੋਖੇ ਰੰਗ – ਉੱਡਦੇ ਪੰਛੀ, ਉੱਡਦੇ ਵਿਚਾਰ

ਅਸੀਂ ਅਕਸਰ ਕੁਦਰਤ ਦੇ ਸੁੰਦਰ ਨਜ਼ਾਰੇ ਦੇਖਣ ਲਈ ਪਹਾੜਾਂ ਅਤੇ ਹੋਰ ਸੈਰ-ਸਪਾਟੇ ਵਾਲੀਆਂ ਥਾਵਾਂ ਤੇ ਜਾਂਦੇ ਹਾਂ। ਉੱਚੇ-ਉੱਚੇ ਪਹਾੜ, ਡੂੰਘੀਆਂ ਖਾਈਆਂ, ਗਰਮੀਆਂ ਵਿਚ ਠੰਡੀ ਹਵਾ, ਸਰਦੀਆਂ ਵਿੱਚ ਧੁੱਪ ਅਤੇ ਦੂਰ ਤੱਕ ਫੈਲੀ ਹਰਿਆਲੀ ਮਨ ਨੂੰ ਇੱਕ ਵੱਖਰੀ ਹੀ ਖੁਸ਼ੀ ਦਿੰਦੀ ਹੈ। ਅਜਿਹੇ ਨਜ਼ਾਰੇ ਦੇਖ ਕੇ ਲੱਗਦਾ ਹੈ ਜਿਵੇਂ ਮਨ ਦਾ ਸਾਰਾ ਬੋਝ ਹਲਕਾ ਹੋ ਗਿਆ ਹੋਵੇ।

ਪਰ ਸੱਚਾਈ ਇਹ ਵੀ ਹੈ ਕਿ ਕੁਦਰਤ ਸਿਰਫ਼ ਪਹਾੜਾਂ, ਦਰਿਆਵਾਂ ਜਾਂ ਜੰਗਲਾਂ ਵਿੱਚ ਹੀ ਨਹੀਂ ਵੱਸਦੀ। ਕੁਦਰਤ ਤਾਂ ਸਾਡੇ ਆਲੇ-ਦੁਆਲੇ ਹਰ ਵੇਲੇ ਮੌਜੂਦ ਰਹਿੰਦੀ ਹੈ। ਸਵੇਰੇ ਸੂਰਜ ਦੀ ਪਹਿਲੀ ਕਿਰਨ, ਸ਼ਾਮ ਦਾ ਢਲਦਾ ਸੂਰਜ, ਰੁੱਖਾਂ ਦੀ ਛਾਂ, ਖੇਤਾਂ ਵਿੱਚ ਲਹਿਰਾਉਂਦਿਆਂ ਫ਼ਸਲਾਂ ਅਤੇ ਅਸਮਾਨ ਵਿੱਚ ਉੱਡਦੇ ਪੰਛੀ ਵੀ ਕੁਦਰਤ ਦੇ ਹੀ ਅਨੋਖੇ ਰੰਗ ਹਨ।

ਕੁਦਰਤ ਨੂੰ ਚਲਾਉਣ ਵਾਲੀ ਇੱਕ ਅਦ੍ਰਿਸ਼ ਸ਼ਕਤੀ ਹੈ, ਜਿਸ ਨੂੰ ਅਸੀਂ ਪਰਮਾਤਮਾ ਕਹਿੰਦੇ ਹਾਂ। ਅਸੀਂ ਭਾਵੇਂ ਉਸ ਨੂੰ ਆਪਣੀਆਂ ਅੱਖਾਂ ਨਾਲ ਨਹੀਂ ਦੇਖਿਆ, ਪਰ ਕੁਦਰਤ ਦੇ ਅਨੇਕਾਂ ਰੂਪਾਂ ਵਿੱਚ ਉਸ ਦਾ ਅਹਿਸਾਸ ਜ਼ਰੂਰ ਹੁੰਦਾ ਹੈ। ਕਈ ਵਾਰ ਇੱਕ ਛੋਟਾ ਜਿਹਾ ਦ੍ਰਿਸ਼ ਵੀ ਸਾਨੂੰ ਡੂੰਘੀਆਂ ਸੋਚਾਂ ਵਿੱਚ ਲੈ ਜਾਂਦਾ ਹੈ।

ਅੱਜ ਸ਼ਾਮ (24/06/2026) ਲਗਭਗ ਅੱਠ ਵਜੇ ਮੈਂ ਇੱਕ ਅਜਿਹਾ ਨਜ਼ਾਰਾ ਵੇਖਿਆ ਜੋ ਮਨ ਨੂੰ ਛੂਹ ਗਿਆ।



ਹਨੇਰਾ ਹੋ ਚੁੱਕਾ ਸੀ ਅਤੇ ਚੰਨ ਦੀ ਰੌਸ਼ਨੀ ਇੰਜ ਲੱਗ ਰਹੀ ਸੀ ਜਿਵੇਂ ਅਕਾਸ਼ ਵਿੱਚ ਕੋਈ ਵੱਡਾ ਬਲਬ ਚਮਕ ਰਿਹਾ ਹੋਵੇ। ਉਸ ਮਿੱਠੀ ਚਾਨਣ ਹੇਠ ਅਸਮਾਨ ਵਿੱਚ ਸੈਂਕੜੇ ਕਾਂ ਪੱਛਮ ਤੋਂ ਪੂਰਬ ਵੱਲ ਉੱਡਦੇ ਜਾ ਰਹੇ ਸਨ। ਉਹ ਸਾਰੇ ਇੱਕੋ ਦਿਸ਼ਾ ਵੱਲ ਉੱਡਦੇ ਜਾ ਰਹੇ ਸਨ ਅਤੇ ਇੱਕ ਦੂਜੇ ਦੇ ਪਿੱਛੇ ਕਤਾਰਾਂ ਵਿੱਚ ਉੱਡ ਰਹੇ ਸਨ। ਕੁੱਝ ਅੱਗੇ ਸਨ, ਕੁਝ ਪਿੱਛੇ, ਪਰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਸਾਰਿਆਂ ਦੀ ਮੰਜ਼ਿਲ ਇੱਕੋ ਹੀ ਹੋਵੇ। ਕੁਦਰਤ ਦਾ ਇਹ ਸੁੰਦਰ ਅਤੇ ਅਨੋਖਾ ਦ੍ਰਿਸ਼ ਕੁੱਝ ਪਲਾਂ ਲਈ ਮਨ ਨੂੰ ਬੇਹੱਦ ਖੁਸ਼ੀ ਦੇਣ ਵਾਲਾ ਸੀ।ਉਹਨਾਂ ਨੂੰ ਦੇਖ ਕੇ ਮੈਨੂੰ ਇੰਝ ਲੱਗਿਆ ਜਿਵੇਂ ਕਿਸੇ ਵੱਡੇ ਮੇਲੇ ਜਾਂ ਇਕੱਠ ਤੋਂ ਲੋਕ ਟੋਲੀਆਂ ਬਣਾ ਕੇ ਆਪਣੇ ਘਰਾਂ ਵੱਲ ਵਾਪਸ ਜਾ ਰਹੇ ਹੋਣ। ਕੁੱਝ ਲੋਕ ਅੱਗੇ ਹੁੰਦੇ ਹਨ, ਕੁੱਝ ਪਿੱਛੇ, ਪਰ ਸਫ਼ਰ ਸਾਰਿਆਂ ਦਾ ਇੱਕੋ ਦਿਸ਼ਾ ਵਿੱਚ ਹੁੰਦਾ ਹੈ। ਬਿਲਕੁੱਲ ਇੰਝ ਹੀ ਉਹ ਕਾਂ ਵੀ ਅਸਮਾਨ ਵਿੱਚ ਆਪਣਾ ਸਫ਼ਰ ਤੈਅ ਕਰ ਰਹੇ ਸਨ।

ਮੇਰੇ ਮਨ ਵਿੱਚ ਖਿਆਲ ਆਇਆ ਕਿ ਇਹ ਆਖ਼ਿਰ ਜਾ ਕਿੱਥੇ ਰਹੇ ਹੋਣਗੇ? ਕੀ ਇਹ ਆਪਣੇ ਆਲ੍ਹਣਿਆਂ ਵੱਲ ਪਰਤ ਰਹੇ ਹੋਣਗੇ? ਮੇਰੇ ਆਲੇ-ਦੁਆਲੇ ਤਾਂ ਨਾ ਕੋਈ ਵੱਡਾ ਜੰਗਲ ਹੈ ਅਤੇ ਨਾ ਹੀ ਕੋਈ ਵਿਸ਼ਾਲ ਬਾਗ਼, ਜਿੱਥੇ ਇਹ ਸਾਰੇ ਇਕੱਠੇ ਜਾ ਸਕਣ।

ਫਿਰ ਇੱਕ ਹੋਰ ਵਿਚਾਰ ਮਨ ਵਿੱਚ ਆਇਆ ਕਿ ਹੋ ਸਕਦਾ ਹੈ ਇਹ ਆਪਣਾ ਟਿਕਾਣਾ ਬਦਲ ਰਹੇ ਹੋਣ। ਸ਼ਾਇਦ ਜਿੱਥੇ ਇਹ ਪਹਿਲਾਂ ਰਹਿੰਦੇ ਸਨ, ਉੱਥੇ ਖਾਣ-ਪੀਣ ਦੀ ਘਾਟ ਹੋ ਗਈ ਹੋਵੇ ਅਤੇ ਹੁਣ ਇਹ ਕਿਸੇ ਨਵੀਂ ਥਾਂ ਵੱਲ ਜਾ ਰਹੇ ਹੋਣ। ਕੁਦਰਤ ਦੇ ਜੀਵ ਵੀ ਆਪਣੀਆਂ ਲੋੜਾਂ ਅਤੇ ਮੌਸਮ ਦੇ ਹਿਸਾਬ ਨਾਲ ਆਪਣੇ ਰਸਤੇ ਅਤੇ ਟਿਕਾਣੇ ਬਦਲਦੇ ਰਹਿੰਦੇ ਹਨ।

ਇਹ ਸੋਚਦਿਆਂ ਮੈਨੂੰ ਉਹਨਾਂ ਪਰਵਾਸੀ ਪੰਛੀਆਂ ਦੀ ਯਾਦ ਆਈ ਜੋ ਹਰ ਸਾਲ ਹਜ਼ਾਰਾਂ ਕਿਲੋਮੀਟਰ ਦੂਰ ਤੋਂ ਸਾਡੇ ਪੰਜਾਬ "ਹਰੀਕੇ ਪੱਤਣ" ਵਿੱਚ ਆਉਂਦੇ ਹਨ। ਕੁੱਝ ਪੰਛੀ ਤਾਂ ਵਿਦੇਸ਼ਾਂ ਤੋਂ ਉੱਡ ਕੇ ਇੱਥੇ ਪਹੁੰਚਦੇ ਹਨ, ਕੁੱਝ ਮਹੀਨੇ ਇੱਥੇ ਰਹਿੰਦੇ ਹਨ ਅਤੇ ਫਿਰ ਵਾਪਸ ਆਪਣੇ ਦੇਸ਼ਾਂ ਵੱਲ ਚਲੇ ਜਾਂਦੇ ਹਨ। ਨਾ ਉਹਨਾਂ ਕੋਲ ਕੋਈ ਨਕਸ਼ਾ ਹੁੰਦਾ ਹੈ ਅਤੇ ਨਾ ਹੀ ਕੋਈ ਰਸਤਾ ਦੱਸਣ ਵਾਲਾ, ਫਿਰ ਵੀ ਉਹ ਆਪਣੀ ਮੰਜ਼ਿਲ ਤੱਕ ਪਹੁੰਚ ਜਾਂਦੇ ਹਨ। ਇਹ ਸਭ ਕੁਦਰਤ ਦਾ ਕਮਾਲ ਹੈ।

ਸੱਚਮੁੱਚ, ਕੁਦਰਤ ਬਹੁਤ ਕਮਾਲ ਦੀ ਹੈ। ਇਸ ਦੇ ਅਨੇਕਾਂ ਰੰਗ ਅਤੇ ਭੇਦ ਸਾਨੂੰ ਹੈਰਾਨ ਕਰ ਦਿੰਦੇ ਹਨ। ਕਈ ਵਾਰ ਅਸਮਾਨ ਵਿੱਚ ਉੱਡਦੇ ਪੰਛੀ ਵੀ ਸਾਨੂੰ ਜ਼ਿੰਦਗੀ ਦੇ ਵੱਡੇ ਸਬਕ ਸਿਖਾ ਜਾਂਦੇ ਹਨ। ਉਹ ਸਾਨੂੰ ਦੱਸਦੇ ਹਨ ਕਿ ਸਫ਼ਰ ਜਾਰੀ ਰੱਖਣਾ ਹੀ ਜੀਵਨ ਹੈ ਅਤੇ ਸਮੇਂ ਦੇ ਨਾਲ ਬਦਲਣਾ ਵੀ ਕੁਦਰਤ ਦਾ ਹੀ ਨਿਯਮ ਹੈ।

ਉਸ ਸ਼ਾਮ ਉੱਡਦੇ ਕਾਂਵਾਂ ਨੂੰ ਦੇਖ ਕੇ ਮੈਨੂੰ ਇਹ ਅਹਿਸਾਸ ਹੋਇਆ ਕਿ ਪਰਮਾਤਮਾ ਨੂੰ ਭਾਵੇਂ ਅਸੀਂ ਸਿੱਧਾ ਨਹੀਂ ਦੇਖ ਸਕਦੇ, ਪਰ ਕੁਦਰਤ ਦੇ ਹਰ ਰੰਗ ਵਿੱਚ "ਉਸਦੀ" ਮੌਜੂਦਗੀ ਮਹਿਸੂਸ ਕੀਤੀ ਜਾ ਸਕਦੀ ਹੈ।

ਸ਼ਾਇਦ ਇਸੇ ਲਈ ਕੁਦਰਤ ਇੱਕ ਖੁੱਲ੍ਹੀ ਕਿਤਾਬ ਵਰਗੀ ਹੈ। ਜਿੰਨਾ ਅਸੀਂ ਇਸ ਨੂੰ ਪੜ੍ਹਨ ਅਤੇ ਸਮਝਣ ਦੀ ਕੋਸ਼ਿਸ਼ ਕਰਦੇ ਹਾਂ, ਉੱਨਾ ਹੀ ਇਹ ਸਾਨੂੰ ਆਪਣੇ ਨਵੇਂ ਰੰਗਾਂ ਅਤੇ ਨਵੇਂ ਰਾਜ਼ਾਂ ਨਾਲ ਹੈਰਾਨ ਕਰਦੀ ਰਹਿੰਦੀ ਹੈ।



**ਪਵਨ ਕੁਮਾਰ ਅੱਤਰੀ**
**(ਕਪੂਰਥਲਾ)**
**ਮੋਬਾ 8427791277**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com